7-DEC-PAGE-1.qxd 12/6/2022 10:27 PM Page 1

ਬੁੱਧਵਾਰ, 7 ਦਸੰਬਰ, 2022
22 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 187

ਨਵਾਂ ਜ਼ਮਾਨਾ

DAILY NAWAN ZAMANA • WEDNESDAY, 7 DECEMBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਆਸ਼ੀਸ਼ ਮਿਸ਼ਰਾ 'ਤੇ ਕਤਲ ਕੇਸ ਚੱਲੇਗਾ

ਲਖੀਮਪੁਰ ਖੀਰੀ ਘਟਨਾ 'ਚ ਫਰਦ ਜੁਰਮ ਆਇਦ, ਸੁਣਵਾਈ 16 ਦਸੰਬਰ ਤੋਂ

ਲਖੀਮਪੁਰ ਖੀਰੀ : ਤਿੰਨ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਇੱਥੇ ਤਿਕੁਨੀਆ ਇਲਾਕੇ 'ਚ ਹਿੰਸਾ ਦੇ ਮਾਮਲੇ ਦੇ ਮੁੱਖ ਮੁਲਜ਼ਮ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੇ ਬੇਟੇ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਦੀਆਂ ਮੁਸ਼ਕਲਾਂ ਵਧ ਗਈਆਂ, ਜਦੋਂ ਮੰਗਲਵਾਰ ਅਦਾਲਤ ਨੇ ਉਸ ਸਮੇਤ 13 ਮੁਲਜ਼ਮਾਂ ਖਿਲਾਫ ਕਿਸਾਨਾਂ ਦੀ ਹੱਤਿਆ ਦਾ ਮੁਕੱਦਮਾ ਚਲਾਉਣ ਦਾ ਹੁਕਮ ਦਿੱਤਾ। ਮੁਕੱਦਮਾ 16 ਦਸੰਬਰ ਤੋਂ ਸ਼ੁਰੂ ਹੋਵੇਗਾ।

ਯੂ ਪੀ ਦੇ ਵੇਲੇ ਦੇ ਉਪ-ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਦੇ ਦੌਰੇ ਦੇ ਵਿਰੋਧ ਵਿਚ ਕਿਸਾਨਾਂ ਦੇ ਮੁਜ਼ਾਹਰੇ ਦੌਰਾਨ 3 ਅਕਤੂਬਰ 2021 ਨੂੰ ਹੋਈ ਹਿੰਸਾ ਵਿਚ 8 ਵਿਅਕਤੀਆਂ ਦੀ ਮੌਤ ਹੋ ਗਈ ਸੀ। ਪੁਲਸ ਵੱਲੋਂ ਦਰਜ ਐੱਫ ਆਈ ਆਰ ਮੁਤਾਬਕ ਚਾਰ ਕਿਸਾਨਾਂ ਦੀ ਇਕ ਐੱਸ ਯੂ ਵੀ ਹੇਠ ਕੁਚਲੇ ਜਾਣ ਨਾਲ ਮੌਤ ਹੋਈ। ਉਸ ਗੱਡੀ ਵਿਚ ਆਸ਼ੀਸ਼ ਮਿਸ਼ਰਾ ਬੈਠਾ ਹੋਇਆ ਸੀ।

ਇਸ ਦੇ ਬਾਅਦ ਹੋਈ ਹਿੰਸਾ ਵਿਚ ਗੱਡੀ ਦੇ ਡਰਾਈਵਰ ਤੇ ਭਾਜਪਾ ਦੇ ਦੋ ਵਰਕਰਾਂ ਨੂੰ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਹਿੰਸਾ ਵਿਚ ਇਕ ਪੱਤਰਕਾਰ ਵੀ ਮਾਰਿਆ ਗਿਆ ਸੀ। ਯੂ ਪੀ ਦੀਆਂ ਅਸੰਬਲੀ ਚੋਣਾਂ ਦੇ ਬਾਅਦ ਆਸ਼ੀਸ਼ ਮਿਸ਼ਰਾ ਜ਼ਮਾਨਤ 'ਤੇ ਬਾਹਰ ਆ ਗਿਆ ਸੀ। ਉਸ ਵਿਰੁੱਧ ਦੂਜੀ ਧਿਰ ਸੁਪਰੀਮ ਕੋਰਟ ਪੁੱਜ ਗਈ। ਸੁਪਰੀਮ ਕੋਰਟ ਨੇ ਜ਼ਮਾਨਤ ਰੱਦ ਕਰਦਿਆਂ ਕੇਸ ਮੁੜ ਵਿਚਾਰ ਲਈ ਅਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਸੀ ਤੇ ਹਾਈ ਕੋਰਟ ਨੇ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ।

ਮਾਰੇ ਗਏ ਪੱਤਰਕਾਰ ਰਮਨ ਕਸ਼ਯਪ ਦੇ ਭਰਾ ਪਵਨ ਕਸ਼ਯਪ ਨੇ ਅਦਾਲਤ ਵੱਲੋਂ ਫਰਦ ਜੁਰਮ ਆਇਦ ਕਰਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਸੁਪਰੀਮ ਕੋਰਟ ਦਾ ਧੰਨਵਾਦ ਕਰਦਾ ਹੈ, ਜਿਸ ਕਰਕੇ ਹੁਣ ਮੁਕੱਦਮਾ ਚਲੇਗਾ।

ਮ੍ਰਿਤਕਾਂ ਦੇ ਵਕੀਲ ਮੁਹੰਮਦ ਅਮਾਨ ਨੇ ਕਿਹਾ ਕਿ ਫਰਦ ਜੁਰਮ ਆਇਦ ਕਰਨ ਵਿਚ 9 ਮਹੀਨੇ ਲੱਗ ਗਏ। ਉਹ ਵੀ ਸੁਪਰੀਮ ਕੋਰਟ ਦੇ ਦਖਲ ਕਾਰਨ ਸੰਭਵ ਹੋਇਆ। ਉਮੀਦ ਹੈ ਕਿ ਮੁਕੱਦਮਾ ਤੇਜ਼ੀ ਨਾਲ ਚੱਲੇਗਾ ਤੇ ਕਿਸਾਨਾਂ ਨੂੰ ਇਨਸਾਫ ਮਿਲੇਗਾ।

ਕਾਮਰੇਡ ਅਣਖੀ ਦੀ ਬਰਸੀ 'ਤੇ ਬਿਜਲੀ ਮੁਲਾਜ਼ਮਾਂ ਵੱਲੋਂ ਤਿੱਖੇ ਸੰਘਰਸ਼ ਦਾ ਪ੍ਰਣ

ਪਟਿਆਲਾ : ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ (ਰਜਿ : ਨੰਬਰ-41) ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ ਮੰਗਲਵਾਰ ਸਥਾਨਕ ਫੈਕਟਰੀ ਏਰੀਆ ਵਿਖੇ ਬਣੇ ਅਣਖੀ ਯਾਦਗਾਰੀ ਭਵਨ ਵਿੱਚ ਹਰੇਕ ਸਾਲ ਦੀ ਤਰ੍ਹਾਂ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਉਣ ਲਈ ਪੂਰੇ ਪੰਜਾਬ ਤੋਂ ਕਾਫਲੇ ਬੰਨ੍ਹ ਕੇ ਬਿਜਲੀ ਕਾਮੇ ਆਪਣੇ ਆਗੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵਹੀਰਾਂ ਘੱਤ ਕੇ ਪਹੁੰਚੇ। ਸਮਾਗਮ ਦੇ ਸ਼ੁਰੂ ਵਿੱਚ ਜਥੇਬੰਦੀ ਦਾ ਲਾਲ ਝੰਡਾ ਲਹਿਰਾਉਣ ਦੀ ਰਸਮ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਨਿਭਾਈ ਅਤੇ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਾਹੌਰੀਆ ਨੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਭਗਵਾਨ ਸਿੰਘ ਅਣਖੀ, ਸਤਨਾਮ ਸਿੰਘ ਛਲੇੜੀ, ਐੱਚ ਐੱਸ ਪਰਮਾਰ ਅਤੇ ਹੋਰ ਵਿੱਛੜ ਚੁੱਕੇ ਆਗੂਆਂ ਅਤੇ ਨਾਮਵਰ ਸ਼ਖਸੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਬਕਾਇਦਾ ਤੌਰ 'ਤੇ ਸਮਾਗਮ ਦੀ ਸ਼ੁਰੂਆਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਵਰਕਿੰਗ ਪ੍ਰਧਾਨ ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ ਉਦੀਪੁਰ ਤੇ ਮਨਜੀਤ ਸਿੰਘ ਬਾਸਰਕੇ 'ਤੇ ਅਧਾਰਤ ਸਾਂਝੇ ਪ੍ਰਧਾਨਗੀ ਮੰਡਲ ਨੇ ਕੀਤੀ। ਸਮਾਗਮ ਦਾ ਉਦਘਾਟਨੀ ਭਾਸ਼ਣ ਦਿੰਦਿਆਂ ਸਾਬਕਾ ਸੂਬਾ ਜਨਰਲ ਸਕੱਤਰ ਅਤੇ ਐੱਫ ਈ ਦੇ ਡਿਪਟੀ ਜਨਰਲ ਸਕੱਤਰ ਨਰਿੰਦਰ ਸੈਣੀ ਨੇ ਕਿਹਾ ਕਿ ਕਾਮਰੇਡ ਭਗਵਾਨ ਸਿੰਘ ਅਣਖੀ ਦੀ ਸੁਚੱਜੀ ਅਗਵਾਈ ਹੇਠ 1986 ਦੇ ਪੇ ਸਕੇਲਾਂ ਦੀ ਸੁਧਾਈ ਸਮੇਂ ਬਿਜਲੀ ਕਾਮਿਆਂ ਨੂੰ 9/ 16 ਸਾਲਾ ਸਕੇਲ ਦਿਵਾਉਣ ਦਾ ਮਿਸਾਲੀ ਕੰਮ ਨੇਪਰੇ ਚੜ੍ਹਿਆ ਸੀ, ਜਿਸ ਦਾ ਅਣਖੀ ਦੇ ਵਾਰਸਾਂ ਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾ ਕਿਹਾ ਕਿ ਕਾਮਰੇਡ ਸਤਨਾਮ ਸਿੰਘ ਛਲੇੜੀ, ਐੱਚ ਐੱਸ ਪਰਮਾਰ, ਮਹਿੰਦਰ ਸਿੰਘ ਬਟਾਲਾ, ਮੁਸ਼ਤਾਕ ਮਸੀਹ, ਬਸੰਤ ਰਾਮ ਵੇਰਕਾ, ਦਰਸ਼ਨ ਸਿੰਘ ਢਿੱਲੋਂ, ਤਜਿੰਦਰ ਸਿੰਘ ਮੋਹੀ, ਦਿਲਬਾਗ ਸਿੰਘ ਅਟਵਾਲ, ਪਦਮ ਸਿੰਘ ਠਾਕੁਰ ਤੇ ਗੁਰਬਖਸ਼ ਸਿੰਘ ਸਮੇਤ ਵਿੱਛੜ ਗਏ ਹੋਰ ਆਗੂਆਂ ਵੱਲੋਂ ਜਥੇਬੰਦੀ ਦੇ ਆਗੂ ਹੁੰਦਿਆਂ ਮੁਲਾਜ਼ਮ ਲਹਿਰ ਲਈ ਪਾਏ ਵੱਡਮੁੱਲੇ ਯੋਗਦਾਨ ਨੂੰ ਯਾਦ ਰੱਖਦਿਆਂ ਬਿਜਲੀ ਕਾਮਿਆਂ ਨੂੰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰਵੱਈਏ ਖਿਲਾਫ਼ ਰਹਿੰਦੀਆਂ ਪੈਂਡਿੰਗ ਮੰਗਾਂ ਦੀ ਪ੍ਰਾਪਤੀ ਲਈ ਹੋਰ ਲਾਮਬੰਦੀ ਕਰਕੇ ਤਿੱਖੇ ਸੰਘਰਸ਼ਾਂ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ।

ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਾਮਰੇਡ ਭਗਵਾਨ ਸਿੰਘ ਅਣਖੀ, ਸਤਨਾਮ ਸਿੰਘ ਛਲੇੜੀ ਅਤੇ ਐੱਚ ਐੱਸ ਪਰਮਾਰ ਸਮੇਤ ਵਿਛੜੇ ਆਗੂਆਂ ਵੱਲੋਂ ਮਜ਼ਦੂਰ ਜਮਾਤ ਦੀ ਬੰਦਖਲਾਸੀ ਲਈ ਕੀਤੇ ਸਿਰਤੋੜ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਦੀ ਪਹਿਲਾਂ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਵੀ ਮੁਲਾਜ਼ਮਾਂ/ਮਜ਼ਦੂਰਾਂ ਸਮੇਤ ਸਮੁੱਚੇ ਮਿਹਨਤਕਸ਼ ਲੋਕਾਂ ਦੇ ਮਸਲਿਆਂ ਨੂੰ ਸੁਲਝਾਉਣ ਦੀ ਬਜਾਏ ਉਲਝਾਉਣ ਦੀ ਘਟੀਆ ਨੀਤੀ ਦੇ ਰਾਹ ਚੱਲ ਕੇ ਮਿਹਨਤਕਸ਼ ਜਮਾਤ ਨਾਲ ਧੋਖਾ ਕਰ ਰਹੀ ਹੈ।

ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸਮੁੱਚੇ ਪਾਵਰ ਸੈਕਟਰ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਵਾਲੇ ਬਿਜਲੀ ਬਿੱਲ 2022 ਨੂੰ ਪਾਰਲੀਮੈਂਟ ਵਿੱਚ ਪੇਸ਼ ਕਰਨ ਦੀ ਜ਼ੋਰਦਾਰ ਨਿੰਦਾ ਕਰਦਿਆਂ ਮੋਦੀ ਸਰਕਾਰ ਦੇ ਹਿਟਲਰਸ਼ਾਹੀ ਰਵੱਈਏ ਵਿਰੁੱਧ ਵੱਡੀ ਲਾਮਬੰਦੀ ਕਰਨ ਦਾ ਹਾਜ਼ਰੀਨ ਨੂੰ ਸੱਦਾ ਦਿੱਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਨੇ ਮੰਗਾਂ ਦੀ ਪ੍ਰਾਪਤੀ ਲਈ

ਸੰਘਰਸ਼ਸ਼ੀਲ ਲੋਕਾਂ ਦੀ ਏਕਤਾ ਉਸਾਰ ਕੇ ਸਾਂਝੇ ਘੋਲ ਕਰਨ ਦਾ ਸੱਦਾ ਦਿੱਤਾ।

ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਲਾਹਕਾਰ ਉੱਘੇ ਟਰੇਡ ਯੂਨੀਅਨ ਆਗੂ ਜਗਰੂਪ ਸਿੰਘ ਨੇ ਕਾਮਰੇਡ ਅਣਖੀ ਸਮੇਤ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹਾਜ਼ਰੀਨ ਨੂੰ ਪੂੰਜੀਪਤੀਆਂ ਦੀ ਦਲਾਲ ਮੋਦੀ ਸਰਕਾਰ ਦੇ ਸਮੇਂ ਅਡਾਨੀਆਂ/ਅੰਬਾਨੀਆਂ ਦੀਆਂ ਦੌਲਤਾਂ ਦੇ ਅੰਬਾਰ ਵੱਡੇ ਹੋਣ ਦੇ ਮੁਕਾਬਲਤਨ ਮਿਹਨਤਕਸ਼ ਜਮਾਤ ਦੇ ਹਿੱਸੇ ਆ ਰਹੀ ਦੁਰਗਤ ਦੀ ਲੋਕ ਵਿਰੋਧੀ ਨੀਤੀ ਨੂੰ ਸਮਝ ਕੇ ਸਿਧਾਂਤਕ ਸੰਘਰਸ਼ ਜਾਰੀ ਰੱਖਣ 'ਤੇ ਜ਼ੋਰ ਦਿੱਤਾ।

ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਹਰਭਜਨ ਸਿੰਘ ਪਿਲਖਣੀ ਨੇ ਪਾਵਰ ਮੈਨੇਜਮੈਂਟ ਕੋਲੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮ ਏਕਤਾ ਮੰਚ ਨਾਲ 22 ਨਵੰਬਰ ਨੂੰ ਹੋਈ ਮੀਟਿੰਗ ਸਮੇਂ ਜਿਨ੍ਹਾਂ ਮੰਗਾਂ 'ਤੇ ਸਹਿਮਤੀ ਬਣੀ ਸੀ, ਉਨ੍ਹਾਂ ਨੂੰ ਤੁਰੰਤ ਲਾਗੂ ਕਰਨ ਕੀਤਾ ਜਾਵੇ। ਜਥੇਬੰਦੀ ਦੇ ਸੂਬਾਈ ਆਗੂਆਂ ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ ਉਦੀਪੁਰ, ਮਨਜੀਤ ਸਿੰਘ ਬਾਸਰਕੇ, ਗੁਰਧਿਆਨ ਸਿੰਘ, ਦਰਸ਼ਨ ਲਾਲ, ਰਛਪਾਲ ਸਿੰਘ ਪਾਲੀ, ਬਲਜੀਤ ਕੁਮਾਰ, ਸੁਖਦੇਵ ਸਿੰਘ ਬਾਬਾ, ਨਰਿੰਦਰ ਬੱਲ, ਗੁਰਮੀਤ ਸਿੰਘ ਧਾਲੀਵਾਲ ਤੋਂ ਇਲਾਵਾ ਐੱਫ ਈ ਆਗੂ ਜਸਬੀਰ ਸਿੰਘ ਨੇ ਕਾਮਰੇਡ ਭਗਵਾਨ ਸਿੰਘ ਅਣਖੀ ਅਤੇ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਸਿਧਾਂਤਕ ਅਤੇ ਸਿਰੜੀ ਆਗੂਆਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਲਿਆ। ਸਮਾਗਮ 'ਚ ਵੱਖ-ਵੱਖ ਮੁੱਦਿਆਂ ਨੂੰ ਉਭਾਰਦੇ ਮਤੇ ਵੀ ਪੇਸ਼ ਕੀਤੇ, ਜਿਨ੍ਹਾਂ ਨੂੰ ਹਾਜ਼ਰੀਨ ਨੇ ਨਾਅਰਿਆਂ ਦੀ ਗੂੰਜ ਵਿੱਚ ਹੱਥ ਖੜੇ ਕਰਕੇ ਪਾਸ ਕੀਤਾ।

ਇਸ ਮੌਕੇ ਹਰੇਕ ਸਾਲ ਦੀ ਤਰ੍ਹਾਂ ਕਾਮਰੇਡ ਅਣਖੀ ਦੀ ਯਾਦ ਨੂੰ ਸਮਰਪਿਤ ਮਾਸਿਕ 'ਬਿਜਲੀ ਉਜਾਲਾ' ਅਤੇ 'ਨਵਾਂ ਜ਼ਮਾਨਾ' ਦਾ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ। ਸਮਾਗਮ ਵਿੱਚ ਹਾਜ਼ਰ ਸਾਥੀ ਭਗਵਾਨ ਸਿੰਘ ਅਣਖੀ,

● ਬਾਕੀ ਸਫ਼ਾ 2 'ਤੇ

ਸਰਕਾਰ ਯਕੀਨੀ ਬਣਾਏ ਕਿ ਕੋਈ ਭੁੱਖੇ ਢਿੱਡ ਨਾ ਸੌਂਵੇਂ : ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮੰਗਲਵਾਰ ਕਿਹਾ ਕਿ ਇਹ ਸਾਡਾ ਸੱਭਿਆਚਾਰ ਹੈ ਕਿ ਕੋਈ ਵੀ ਵਿਅਕਤੀ ਖਾਲੀ ਪੇਟ ਨਾ ਸੌਂਵੇ ਅਤੇ ਕੇਂਦਰ ਸਰਕਾਰ ਇਹ ਯਕੀਨੀ ਬਣਾਏ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ (ਐੱਨ ਐੱਫ ਐੱਸ ਏ) ਤਹਿਤ ਅਨਾਜ ਹਰ ਕਿਸੇ ਨੂੰ ਮਿਲੇ। ਜਸਟਿਸ ਐੱਮ ਆਰ ਸ਼ਾਹ ਅਤੇ ਹਿਮਾ ਕੋਹਲੀ ਦੀ ਬੈਂਚ ਨੇ ਕੇਂਦਰ ਨੂੰ ਈ-ਸ਼੍ਰਮ ਪੋਰਟਲ 'ਤੇ ਰਜਿਸਟਰਡ ਪਰਵਾਸੀ ਅਤੇ ਗੈਰ-ਸੰਗਠਤ ਖੇਤਰ ਦੇ ਮਜ਼ਦੂਰਾਂ ਦੀ ਗਿਣਤੀ ਦੇ ਨਾਲ ਤਾਜ਼ਾ ਚਾਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ।

ਬੈਂਚ ਨੇ ਕਿਹਾ ਕਿ ਉਹ ਇਹ ਨਹੀਂ ਕਹਿ ਰਹੇ ਕਿ ਕੇਂਦਰ ਕੁਝ ਨਹੀਂ ਕਰ ਰਿਹਾ, ਭਾਰਤ ਸਰਕਾਰ ਨੇ ਕੋਵਿਡ ਦੌਰਾਨ ਲੋਕਾਂ ਨੂੰ ਅਨਾਜ ਯਕੀਨੀ ਬਣਾਇਆ ਹੈ।

ਵਿਸ਼ਵ ਬੈਂਕ ਨੇ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ ਵਧਾਇਆ

ਨਵੀਂ ਦਿੱਲੀ : ਵਿਸ਼ਵ ਬੈਂਕ ਨੇ ਸਾਲ 2022-23 ਲਈ ਭਾਰਤ ਦੀ ਵਿਕਾਸ ਦਰ ਦੇ ਆਪਣੇ ਅਨੁਮਾਨ ਨੂੰ 6.5 ਤੋਂ ਵਧਾ ਕੇ 6.9 ਫੀਸਦੀ ਕਰ ਦਿੱਤਾ ਹੈ। ਬੈਂਕ ਨੇ ਇਹ ਵੀ ਕਿਹਾ ਹੈ ਕਿ ਭਾਰਤ ਸਰਕਾਰ 6.4 ਫੀਸਦੀ ਦੇ ਵਿੱਤੀ ਘਾਟੇ ਦੇ ਟੀਚੇ ਨੂੰ ਹਾਸਲ ਕਰਨ ਦੇ ਰਾਹ 'ਤੇ ਹੈ। ਵਿਸ਼ਵ ਬੈਂਕ ਨੇ ਮੌਜੂਦਾ ਵਿੱਤੀ ਸਾਲ 'ਚ ਮਹਿੰਗਾਈ ਦਰ 7.1 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਹੈ।

ਅਡਾਨੀ ਵੱਡੇ 'ਪਰਉਪਕਾਰੀਆਂ' ਦੀ ਸੂਚੀ 'ਚ

ਸਿੰਗਾਪੁਰ : ਭਾਰਤੀ ਅਰਬਪਤੀ ਉਦਯੋਗਪਤੀ ਗੌਤਮ ਅਡਾਨੀ, ਸ਼ਿਵ ਨਾਦਰ ਅਤੇ ਅਸ਼ੋਕ ਸੂਤਾ ਦੇ ਨਾਲ-ਨਾਲ ਮਲੇਸ਼ੀਆਈ ਭਾਰਤੀ ਕਾਰੋਬਾਰੀ ਬ੍ਰਹਮਲ ਵਾਸੂਦੇਵਨ ਅਤੇ ਉਨ੍ਹਾ ਦੀ ਵਕੀਲ ਪਤਨੀ ਸ਼ਾਂਤੀ ਕੰਡਿਆ ਨੂੰ ਫੋਰਬਸ ਏਸ਼ੀਆ ਦੀ ਲੋਕ ਭਲਾਈ ਕੰਮਾਂ ਲਈ ਦਾਨ ਕਰਨ ਵਾਲਿਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਏਸ਼ੀਆ ਦੇ ਚੈਰਿਟੀ ਹੀਰੋਜ਼ ਦੀ ਸੂਚੀ ਦਾ 16ਵਾਂ ਐਡੀਸ਼ਨ ਮੰਗਲਵਾਰ ਇੱਥੇ ਜਾਰੀ ਕੀਤਾ ਗਿਆ। ਫੋਰਬਸ ਨੇ ਕਿਹਾ ਕਿ ਬਿਨਾਂ ਕਿਸੇ ਦਰਜਾਬੰਦੀ ਦੇ ਇਸ ਸੂਚੀ 'ਚ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਪਰਉਪਕਾਰੀ ਕੰਮਾਂ ਦੀ ਅਗਵਾਈ ਕਰਨ ਵਾਲੇ ਲੋਕ ਸ਼ਾਮਲ ਹਨ। ਅਡਾਨੀ ਨੇ ਇਸ ਸਾਲ ਜੂਨ 'ਚ 60 ਸਾਲ ਦੇ ਹੋਣ 'ਤੇ ਚੈਰੀਟੇਬਲ ਕੰਮਾਂ 'ਤੇ 60000 ਕਰੋੜ ਰੁਪਏ (7.7 ਅਰਬ ਡਾਲਰ) ਖਰਚ ਕਰਨ ਦਾ ਵਾਅਦਾ ਕੀਤਾ ਹੈ।

ਬੱਚੇ ਖਰੀਦਣ-ਵੇਚਣ ਵਾਲੇ ਫੜੇ

ਪਟਿਆਲਾ : ਪੁਲਸ ਨੇ ਗਰੀਬ ਪਰਵਾਰਾਂ ਤੋਂ ਬੱਚੇ ਖਰੀਦ ਕੇ ਅੱਗੇ ਲੋੜਵੰਦਾਂ ਨੂੰ ਵੇਚਣ ਵਾਲੇ ਗਰੋਹ ਦਾ ਪਰਦਾ ਫਾਸ਼ ਕਰਦਿਆਂ 7 ਜਣਿਆਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਕੋਲੋਂ 2 ਨਵਜੰਮੇ ਬੱਚੇ ਤੇ 4 ਲੱਖ ਬਰਾਮਦ ਕੀਤੇ ਹਨ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਕਿ ਗਰੋਹ ਦੇ ਮੈਂਬਰ 50 ਹਜ਼ਾਰ 'ਚ ਨਵਜੰਮਿਆ ਬੱਚਾ ਖਰੀਦ ਕੇ ਅੱਗੇ 5 ਤੋਂ 7 ਲੱਖ ਰੁਪਏ 'ਚ ਵੇਚਦੇ ਸਨ।

ਮੁਜ਼ਾਰਾ ਲਹਿਰ ਨੇ 17 ਹਜ਼ਾਰ ਏਕੜ ਦੇ ਹਲਵਾਹਕ ਕਿਸਾਨਾਂ ਨੂੰ ਮਾਲਕ ਬਣਾਇਆ : ਬੰਤ ਬਰਾੜ

ਸੀ ਪੀ ਆਈ ਵੱਲੋਂ ਮੁਜ਼ਾਰਾ ਲਹਿਰ ਦੇ ਆਗੂਆਂ ਦੀ ਯਾਦ 'ਚ ਬਰਸੀ ਸਮਾਗਮ

ਬਰਨਾਲਾ : ਸੀ ਪੀ ਆਈ ਵੱਲੋਂ ਸਥਾਨਕ ਬਾਬਾ ਅਰਜਨ ਸਿੰਘ ਭਦੌੜ ਯਾਦਗਾਰੀ ਭਵਨ ਵਿਖੇ ਮੁਜ਼ਾਰਾ ਲਹਿਰ ਦੇ ਆਗੂ ਦੁੱਲਾ ਸਿੰਘ ਜਲਾਲਦੀਵਾਲ, ਰਾਮ ਸਿੰਘ ਭਦੌੜ, ਚੰਦ ਸਿੰਘ ਮਾਨ ਅਤੇ ਸਾਬਕਾ ਵਿਧਾਇਕ ਅਰਜਨ ਸਿੰਘ ਦੀ ਯਾਦ

7-DEC-PAGE-1.qxd 12/6/2022 10:29 PM Page 2

ਮਾਡਰਨ ਸੈਕੂਲਰ ਸਕੂਲ ਦੇ ਟੀਚਰ ਫੈਪ ਐਵਾਰਡ ਨਾਲ ਸਨਮਾਨਤ

ਭੀਖੀ (ਧਰਮਵੀਰ ਸ਼ਰਮਾ)-ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵੱਲੋਂ ਕਰਵਾਏ ਗਏ ਬੈਸਟ ਟੀਚਰ ਫੈਪ ਨੈਸ਼ਨਲ ਐਵਾਰਡ ਦੌਰਾਨ ਮਾਡਰਨ ਸੈਕੂਲਰ ਪਬਲਿਕ ਸਕੂਲ ਭੀਖੀ ਦੇ ਤਿੰਨ ਟੀਚਰਾਂ ਨੇ ਓਪਨ ਕੈਟਾਗਿਰੀ ਵਿੱਚ ਭਾਗ ਲਿਆ, ਜਿਨ੍ਹਾਂ ਵਿੱਚੋਂ ਨਰਿੰਦਰ ਕੌਰ ਨੂੰ ਬੈਸਟ ਟੀਚਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਤੇ ਸਕੂਲ ਨੋਮੀਨੇਸ਼ਨ ਕੈਟਾਗਿਰੀ ਵਿੱਚੋਂ ਰੇਨੂੰ ਬਾਲਾ ਨੂੰ ਐਵਾਰਡ ਦੇ ਕੇ ਸਨਮਾਨਤ ਕੀਤਾ। ਇਸ ਦੇ ਨਾਲ ਹੀ ਮੈਗਾ ਉਲੰਪਿਆਡ 2022 ਸਟੇਟ ਚੈਂਪੀਅਨਸ਼ਿਪ ਪ੍ਰੀਖਿਆ ਵਿੱਚੋਂ ਸਕੂਲ ਦੀ ਜੇਤੂ ਵਿਦਿਆਰਥਣ ਮਹਿਕਪ੍ਰੀਤ ਕੌਰ ਜਮਾਤ ਸੱਤਵੀਂ ਨੂੰ ਵੀ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਹੋਏ ਇਸ ਐਵਾਰਡ ਸਮਾਰੋਹ ਵਿੱਚ ਪ੍ਰਾਇਡ ਆਫ ਪੰਜਾਬ ਦਾ ਖਿਤਾਬ ਦੇ ਕੇ ਸਨਮਾਨਿਆ ਗਿਆ। ਇਸ ਦੌਰਾਨ ਜੇਤੂ ਵਿਦਿਆਰਥਣ ਦੇ ਜਮਾਤ ਇੰਚਾਰਜ ਸ਼ੀਨੂੰ ਬਾਲਾ ਨੂੰ ਇੰਸਪਾਇਰਿੰਗ ਟੀਚਰ ਤੇ ਸਕੂਲ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੂੰ ਗੋਲਡਨ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਤ ਕੀਤਾ। ਇਹ ਐਵਾਰਡ ਮਾਨਯੋਗ ਚੇਅਰਮੈਨ ਆਫ ਨੈਸ਼ਨਲ ਕਮਿਸ਼ਨ ਵਿਜੈ ਸਾਂਪਲਾ ਵੱਲੋਂ ਤਕਸੀਮ ਕੀਤੇ ਗਏ ਤੇ ਟੀਚਰਾਂ ਨੂੰ ਨਿੱਡ ਦੇ ਰੂਪ ਵਿੱਚ ਵਿਸ਼ੇਸ਼ ਪਹਿਚਾਣ ਚਿੰਨ੍ਹ ਦਿੱਤਾ ਗਿਆ। ਇਸ ਸਮਾਰੋਹ ਵਿੱਚ ਫੈਡਰੇਸ਼ਨ ਆਫ ਪ੍ਰਾਇਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਵੀ ਆਪਣੇ ਵਿਚਾਰ ਟੀਚਰਾਂ ਅੱਗੇ ਪੇਸ਼ ਕੀਤੇ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਸੰਦੀਪ ਕੌਰ ਨੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦਾ ਧੰਨਵਾਦ ਕੀਤਾ।

ਸਨਮਤੀ ਸਕੂਲ ਦੇ 2 ਅਧਿਆਪਕਾਂ ਦਾ ਸਨਮਾਨ

ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਜਗਰਾਓਂ ਦੇ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ 2 ਅਧਿਆਪਕਾਂ ਨੂੰ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਸੋਸੀਏਸ਼ਨ ਵੱਲੋਂ ਵਧੀਆ ਅਧਿਆਪਕ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਕੂਲ ਪੁੱਜਣ 'ਤੇ ਸਨਮਤੀ ਸਕੂਲ ਦੇ ਡਾਇਰੈਕਟਰ ਸ਼ਸ਼ੀ ਜੈਨ, ਪ੍ਰਧਾਨ ਰਮੇਸ਼ ਜੈਨ, ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਐੱਫ ਏ ਪੀ ਵੱਲੋਂ ਸਨਮਾਨਤ ਕੀਤੇ ਕਾਮਰਸ ਲੈਕਚਰਾਰ ਸੰਨੀ ਪਾਸੀ ਤੇ ਮੈਥ ਲੈਕਚਰਾਰ ਨਵਦੀਪ ਬਾਵਾ ਦਾ ਸਵਾਗਤ ਕਰਦਿਆਂ ਕਿਹਾ ਕਿ ਸਕੂਲ ਦੇ ਇਹ ਦੋਵੇਂ ਅਧਿਆਪਕ ਬਹੁਤ ਹੀ ਮਿਹਨਤੀ ਹਨ, ਜਿਨ੍ਹਾਂ ਤੋਂ ਹਜ਼ਾਰਾਂ ਬੱਚੇ ਪੜ੍ਹ ਚੁੱਕੇ ਹਨ।

ਵਿਸ਼ਵ ਅਪਾਹਜਤਾ ਦਿਵਸ ਮਨਾਇਆ

ਜਲਾਲਾਬਾਦ (ਜੀਤ ਕੁਮਾਰ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ ਵਿਸ਼ਵ ਅਪਾਹਜਤਾ ਦਿਵਸ ਮਨਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਅਨੀਤਾ ਰਾਣੀ ਨੇ ਦੱਸਿਆ ਕਿ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਤਾਂ ਜੋ ਵਿਦਿਆਰਥੀਆਂ ਦੇ ਮਨ ਵਿੱਚ ਕਿਸੇ ਵੀ ਕਾਰਨ ਅਪਾਹਜ ਹੋਏ ਲੋਕਾਂ ਲਈ ਸਨਮਾਨ ਦੀ ਭਾਵਨਾ ਉਪਜੇ। ਇਸ ਮੌਕੇ ਹਿੰਦੀ ਮਿਸਟ੍ਰੈੱਸ ਗਿਰਜਾ ਨੇ ਵਿਦਿਆਰਥੀਆਂ ਨੂੰ ਥੋਮਸ ਐਲਵਾ ਐਡੀਸਨ, ਰਵਿੰਦਰ ਜੈਨ, ਅਸ਼ਟਾਵਕਰ ਰਿਸ਼ੀ, ਬਾਬਾ ਆਸਟੇ, ਮਹਾਰਾਜਾ ਚਰਨਜੀਤ ਸਿੰਘ ਜੀ, ਸੁਧਾ ਚੰਦਰਨ ਆਦਿ ਉੱਘੀਆਂ ਸ਼ਖਸੀਅਤਾਂ ਦੇ ਜੀਵਨ ਤੇ ਯੋਗਦਾਨ ਸਬੰਧੀ ਉਦਾਹਰਨਾਂ ਦੇ ਕੇ ਇਨ੍ਹਾਂ ਦੀ ਮਹੱਤਤਾ ਨੂੰ ਸਮਝਾਇਆ। ਇਸ ਦੇ ਨਾਲ ਹੀ ਸ੍ਰੀਮਤੀ ਗਿਰਜਾ ਨੇ ਸਕੂਲ ਦੀ 8ਵੀਂ ਜਮਾਤ ਦੀ ਵਿਦਿਆਰਥਣ ਨੀਲਮ ਰਾਣੀ ਦੀ ਵੀ ਉਦਾਹਰਨ ਦਿੱਤੀ, ਜਿਸ ਨੇ ਬਲਾਕ ਤੇ ਜ਼ਿਲ੍ਹਾ ਪੱਧਰੀ ਦੌੜ ਮੁਕਾਬਲੇ ਵਿੱਚ ਪਹਿਲਾ ਦਰਜਾ ਪ੍ਰਾਪਤ ਕੀਤਾ ਤੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਸਮੂਹ ਸਟਾਫ ਨੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਅੱਜ ਦਾ ਦਿਨ ਸਹੀ ਅਰਥਾਂ ਵਿੱਚ ਮਨਾਉਣ ਦੀ ਪ੍ਰੇਰਣਾ ਦਿੱਤੀ।

ਐੱਮ.ਏ.ਐੱਮ. ਸਕੂਲ ਦੀ ਅਧਿਆਪਕਾ ਨੂੰ ਸਰਵੋਤਮ ਐਵਾਰਡ

ਸਮਰਾਲਾ (ਸੁਰਜੀਤ ਸਿੰਘ)-ਐੱਫ. ਏ. ਪੀ. ਵੱਲੋਂ ਹਰ ਸਾਲ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀ ਕਾਰਜਗੁਜ਼ਾਰੀ ਦੇ ਅਧਾਰ 'ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਐਵਾਰਡ ਸਮਾਗਮ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਇਸੇ ਸਾਲ 3 ਦਸੰਬਰ ਨੂੰ ਅਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸਕੂਲਾਂ ਵਿੱਚੋਂ ਸਰਵੋਤਮ ਅਧਿਆਪਕਾਂ ਦੀ ਚੋਣ ਕੀਤੀ ਗਈ ਤੇ ਐੱਮ. ਏ. ਐੱਮ. ਪਬਲਿਕ ਸਕੂਲ ਦੀ ਅਧਿਆਪਕਾ ਜਸਵਿੰਦਰ ਕੌਰ ਸਿੱਧੂ ਪਿੰਡ ਬੌਦਲੀ ਨੂੰ ਐਫ. ਏ. ਪੀ. ਵੱਲੋਂ ਯੋਗਤਾ ਤੇ ਮਾਪ-ਦੰਡ ਦੇ ਅਧਾਰਤ ਇਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਹਰਪ੍ਰੀਤ ਕੌਰ ਤੇ ਦੀਪਕ ਪੁਰੀ ਨੂੰ ਸ਼ੇਸ਼ਟਾ ਦੇ ਸਰਟੀਫਿਕੇਟ ਦਿੱਤੇ ਗਏ। ਸਕੂਲ ਚੇਅਰਪਰਸਨ ਮਿਸਜ਼ ਕੁਲਵਿੰਦਰ ਕੌਰ ਬੈਨੀਪਾਲ, ਪ੍ਰੈਜ਼ੀਡੈਂਟ ਅਨਿਲ ਕੁਮਾਰ ਵਰਮਾ, ਮੈਨੇਜਮੈਂਟ ਮੈਂਬਰ ਤੇ ਪ੍ਰਿੰਸੀਪਲ ਅਮ੍ਰਿਤ ਪ੍ਰਕਾਸ਼ ਸਿੰਘ ਨੇ ਇਸ ਸ਼ਾਨਦਾਰ ਉਪਲੱਬਧੀ 'ਤੇ ਅਧਿਆਪਕ ਵਰਗ ਨੂੰ ਵਧਾਈ ਦੇ ਪਾਤਰ ਕਿਹਾ ਤੇ ਹੋਰ ਵਧੀਆ ਕਾਰਗੁਜ਼ਾਰੀ, ਮਿਹਨਤ ਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਸਰਕਾਰੀ ਹਾਈ ਸਕੂਲ ਭਾਣਾ ਨੂੰ ਨਕਦ ਰਾਸ਼ੀ ਭੇਟ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਸਰਕਾਰੀ ਹਾਈ ਸਕੂਲ ਭਾਣਾ ਵਿਖੇ ਸਕੂਲ ਦੇ ਕੰਮ ਨੂੰ ਦੇਖਦੇ ਹੋਏ ਪਿੰਡ ਭਾਣਾ ਦੇ ਵਸਨੀਕ ਮੰਗਾ ਸਿੰਘ ਵੱਲੋਂ ਉਨ੍ਹਾ ਦੀ ਪਤਨੀ ਸ੍ਰੀਮਤੀ ਅਮਨਦੀਪ ਕੌਰ ਨੇ ਆਪਣੇ ਸਪੁੱਤਰ ਗੁਰਚਰਨ ਸਿੰਘ ਦੇ ਵਿਦੇਸ਼ ਜਾਣ ਦੀ ਖੁਸ਼ੀ ਵਿੱਚ ਸਕੂਲ ਭਲਾਈ ਦੇ ਕੰਮਾਂ ਲਈ ਸਕੂਲ ਪਹੁੰਚ ਕੇ ਸਕੂਲ ਮੁਖੀ ਸ੍ਰੀਮਤੀ ਅਨੀਤਾ ਅਰੋੜਾ ਨੂੰ 7 ਹਜ਼ਾਰ ਰੁਪਏ ਨਕਦ ਦਾਨ ਵਜੋਂ ਦਿੱਤੇ। ਜ਼ਿਕਰਯੋਗ ਹੈ ਕਿ ਗੁਰਚਰਨ ਸਿੰਘ ਨੇ ਮੁੱਢਲੀ ਵਿੱਦਿਆ ਸਰਕਾਰੀ ਹਾਈ ਸਕੂਲ ਭਾਣਾ ਤੋਂ ਪ੍ਰਾਪਤ ਕੀਤੀ ਸੀ ਤੇ ਇਸ ਦੀ ਮਾਤਾ ਅਮਨਦੀਪ ਕੌਰ ਸਰਕਾਰੀ ਹਾਈ ਸਕੂਲ ਭਾਣਾ ਦੀ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ ਹੈ। ਇਸ ਮੌਕੇ ਸ੍ਰੀਮਤੀ ਅਨੀਤਾ ਅਰੋੜਾ ਮੁੱਖ ਅਧਿਆਪਕਾ ਨੇ ਦਾਨੀ ਸੱਜਣਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਕੂਲ ਨੂੰ ਹੋਰ ਬਿਹਤਰ ਬਣਾਉਣ ਲਈ ਸਕੂਲ ਵੱਲੋਂ ਉਪਰਾਲੇ ਕੀਤੇ ਜਾਂਦੇ ਹਨ। ਦਾਨੀ ਸੱਜਣਾਂ ਨੇ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਉਨ੍ਹਾਂ ਵੱਲੋਂ ਸਕੂਲ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਮੌਗਾ, ਸੁਨੀਤਾ ਮੌਗਾ, ਰੂਚੀ, ਹਰਜੀਤ ਕੌਰ ਤੇ ਮੰਜੁਲਾ ਹਾਜ਼ਰ ਸਨ।

ਪਾਰਸ ਸਪਾਈਸਜ਼ ਵਰਕਰਜ਼ ਯੂਨੀਅਨ (ਇੰਟਕ) ਦੀ ਚੋਣ

ਮੋਗਾ (ਅਮਰਜੀਤ ਬੱਬਰੀ)-ਪਾਰਸ ਸਪਾਈਸਜ਼ ਵਰਕਜ਼ ਯੂਨੀਅਨ (ਇੰਟਕ) ਦੀ ਪੁਰਾਣੀ ਕਮੇਟੀ ਭੰਗ ਹੋਣ ਕਾਰਨ ਨਵੀਂ ਕਮੇਟੀ ਦੀ ਸਰਵਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਇੰਟਕ ਦੇ ਪ੍ਰਦੇਸ਼ ਜਨ. ਸਕੱਤਰ ਨਿਰਮਲ ਸਿੰਘ ਜੌੜਾ ਨੂੰ ਸਰਪ੍ਰਸਤ ਤੇ ਸੁਲਖਣ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਰਮਨਦੀਪ ਸਿੰਘ ਮੀਤ ਪ੍ਰਧਾਨ, ਦਲਜੀਤ ਸਿੰਘ ਜਨਰਲ ਸਕੱਤਰ, ਜਗਸੀਰ ਸਿੰਘ ਤੇ ਅਰੁਣ ਕੁਮਾਰ ਨੂੰ ਸਕੱਤਰ ਅਤੇ ਬਲਵਿੰਦਰ ਸਿੰਘ ਸਲਾਹਕਾਰ ਚੁਣੇ ਗਏ। ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਪ੍ਰਵੀਨ ਕੌਰ, ਮੀਤ ਪ੍ਰਧਾਨ ਬੀਬੀ ਸਰਬਜੀਤ ਕੌਰ, ਬੀਬੀ ਬਲਜਿੰਦਰ ਕੌਰ ਤੇ ਬੀਬੀ ਪਵਨ ਦੀਪ ਕੌਰ ਸਕੱਤਰ ਚੁਣੇ ਗਏ। ਇਸ ਮੌਕੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਉਨ੍ਹਾ ਦਾ ਸੁਆਗਤ ਕੀਤਾ ਗਿਆ। ਚੁਣੇ ਗਏ ਅਹੁਦੇਦਾਰਾਂ ਨੇ ਵਰਕਰਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਾਉਣ ਦਾ ਭਰੋਸਾ ਦਿੱਤਾ।

ਸੈਸ਼ਨਜ਼ ਜੱਜ ਕੈਦੀਆਂ ਤੇ ਹਵਾਲਾਤੀਆਂ ਦੀਆਂ ਮੁਸ਼ਕਲਾਂ ਸੁਣੀਆਂ

ਮਾਨਸਾ (ਗੀਤਵਾਲ)-ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਮਿਸ ਨਵਜੋਤ ਕੌਰ ਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ ਸ਼ਿਲਪਾ ਵੱਲੋਂ ਜ਼ਿਲ੍ਹਾ ਜੇਲ੍ਹ ਮਾਨਸਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਕੈਦੀਆਂ ਤੇ ਹਵਾਲਾਤੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਕਾਫੀ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਉਨ੍ਹਾਂ ਔਰਤ ਕੈਦੀਆਂ ਦੇ ਬੈਰਕ ਵਿੱਚ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਜ਼ਿਲ੍ਹਾ ਜੇਲ੍ਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤੁਰੰਤ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ। ਉਨ੍ਹਾਂ ਜੇਲ੍ਹ ਅਧਿਕਾਰੀਆਂ ਨੂੰ ਜੇਲ੍ਹ ਵਿੱਚ ਸਫ਼ਾਈ ਦਾ ਵੀ ਖਾਸ ਧਿਆਨ ਰੱਖਣ ਲਈ ਕਿਹਾ। ਉਨ੍ਹਾਂ ਹਵਾਲਾਤੀਆਂ ਤੇ ਕੈਦੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੀ ਸਿਹਤ ਸਬੰਧੀ ਪੂਰੀ ਤਰ੍ਹਾਂ ਸੁਚੇਤ ਰਹਿਣ। ਇਸ ਮੌਕੇ ਜੇਲ੍ਹ ਸੁਪਰਡੈਂਟ ਸ਼੍ਰੀ ਅਰਵਿੰਦਰਪਾਲ ਸਿੰਘ ਭੱਟੀ, ਡਿਪਟੀ ਸੁਪਰਡੈਂਟ ਨਰਪਿੰਦਰ ਸਿੰਘ ਤੇ ਕੁਲਜੀਤ ਸਿੰਘ ਸਹਾਇਕ ਸੁਪਰਡੈਂਟ ਜ਼ਿਲ੍ਹਾ ਜੇਲ੍ਹ ਮਾਨਸਾ ਮੌਜੂਦ ਸਨ।

ਅਨੁਸ਼ਾਸਨੀ ਕਮੇਟੀ ਨੇ ਲਾਭ ਸਿੰਘ ਮਾਣੂੰਕੇ ਨੂੰ ਸਪੱਸ਼ਟੀਕਰਨ ਨਾ ਦੇਣ ਤੱਕ ਕੀਤਾ ਸਸਪੈਂਡ

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ। (ਫੋਟੋ : ਭੂਪਿੰਦਰ ਸਿੰਘ)

ਮੋਗਾ (ਅਮਰਜੀਤ ਬੱਬਰੀ)

ਭਾਰਤੀ ਕਿਸਾਨ ਯੂਨੀਅਨ ਕਾਦੀਆਂ (ਰਜਿ) ਪੰਜਾਬ ਜ਼ਿਲ੍ਹਾ ਮੋਗਾ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ੍ਰ. ਨਿਰਮਲ ਸਿੰਘ ਮਾਣੂੰਕੇ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਵਿੱਚ ਹੋਈ।

ਮੀਟਿੰਗ ਦੀ ਕਾਰਵਾਈ ਗੁਲਜਾਰ ਸਿੰਘ ਘਲੱਕਲਾਂ ਨੇ ਚਲਾਈ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਸੰਧੂਆਣਾ ਨੇ ਪ੍ਰੈੱਸ ਨੂੰ ਰਿਲੀਜ਼ ਕੀਤੀ। ਇਸ ਮੌਕੇ ਹਰਜੀਵਨ ਸਿੰਘ ਲੰਡੇਕੇ, ਅੱਤਰ ਸਿੰਘ ਸੋਨੂੰ ਮੋਗਾ ਬਾਗ ਗਲੀ, ਗੁਰਬਚਨ ਸਿੰਘ ਚੰਨੂੰਵਾਲਾ ਜ਼ਿਲ੍ਹਾ ਵਿੱਤ ਸਕੱਤਰ, ਮੁਕੰਦ ਕਮਲ, ਦਰਸ਼ਨ ਸਿੰਘ ਰੌਲੀ, ਜਗਰੂਪ ਸਿੰਘ ਦੌਲਤਪੁਰਾ, ਰਛਪਾਲ ਸਿੰਘ ਪਟਵਾਰੀ, ਉਧਮ ਸਿੰਘ ਕੋਟ ਮੁਹਮੰਦ ਖਾਂ, ਜਸਵੰਤ ਸਿੰਘ ਪੰਡੋਰੀ, ਰਮਨਦੀਪ ਸਿੰਘ ਰਿੰਪੀ, ਸੁਰਜੀਤ ਸਿੰਘ ਕੋਰੋਟਾਣਾ, ਜਸਵਿੰਦਰ ਸਿੰਘ ਮੁਖਤਿਆਰ ਸਿੰਘ ਦੀਨਾ ਨੇ ਮੀਟਿੰਗ ਨੂੰ ਸੰਬੋਧਨ ਕੀਤਾ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਅੱਤਵਾਦ ਦੇ ਦਿਨਾਂ ਨਾਲੋਂ ਵੀ ਬਹੁਤ ਹੀ ਨਾਜੁਕ ਮੋੜ ਤੇ ਆਈ ਹੋਈ ਹੈ। ਦਿਨ ਦਿਹਾੜੇ ਲੁੱਟਾਂ-ਖੋਹਾਂ ਤੇ ਕਤਲਾਂ ਵਰਗੇ ਸੰਗੀਨ ਜੁਰਮ ਹੋ ਰਹੇ ਹਨ। ਲੋਕਾਂ ਦਾ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਤੋਂ ਭਰੋਸਾ ਖਤਮ ਹੋ ਰਿਹਾ ਹੈ। ਸਿਰਫ ਰਪਟ ਲਿਖਣ ਤੋਂ ਬਾਅਦ ਕੋਈ ਕਾਰਵਾਈ ਨਹੀਂ ਹੋ ਰਹੀ। ਐਨ ਆਰ ਆਈ ਵੀਰਾ ਦੀਆਂ ਸ਼ਿਕਾਇਤਾਂ 'ਤੇ ਵੀ ਕੋਈ ਕਾਰਵਾਈ ਨਹੀ ਹੋ ਰਹੀ। ਆਗੂਆਂ ਨੇ ਕਿਹਾ ਕਿ ਜਲਦੀ ਹੀ ਜ਼ਿਲ੍ਹੇ ਦੇ ਵਿਧਾਨਕਾਰਾਂ ਦਾ ਘਿਰਾਓ ਕਰਕੇ ਉਨ੍ਹਾਂ ਤੋਂ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਦਾ ਜਵਾਬ ਮੰਗਿਆ ਜਾਵੇਗਾ। ਇਸ ਮੌਕੇ ਜ਼ਿਲ੍ਹੇ ਦੀ ਅਨੁਸ਼ਾਸਨੀ ਕਮੇਟੀ ਦੇ ਮੈਂਬਰ ਸਾਹਿਬਾਨ ਮੁਕੰਦ ਕਮਲ, ਜਸਵੰਤ ਸਿੰਘ ਪੰਡੋਰੀ ਤੇ ਰਛਪਾਲ ਸਿੰਘ ਕਪੂਰੇ ਨੇ ਦੱਸਿਆ ਕਿ ਸਰਬਸੰਮਤੀ ਨਾਲ ਫੈਸਲਾ ਲਿਆ ਹੈ ਕਿ ਲਾਭ ਸਿੰਘ ਮਾਣੂੰਕੇ ਪਿਛਲੇ ਲੰਮੇ ਸਮੇਂ ਤੋਂ ਜਥੇਬੰਦੀ ਪ੍ਰਤੀ ਆਪ ਹੁਦਰਾਪਨ ਵਰਤ ਰਿਹਾ ਹੈ। ਕਮੇਟੀ ਵੱਲੋਂ ਵਾਰ-ਵਾਰ ਸੁਚੇਤ ਕਰਨ 'ਤੇ ਬਾਜ਼ ਨਾ ਆਉਣ ਕਰਕੇ ਇਸ ਨੂੰ ਸਪੱਸ਼ਟੀਕਰਨ ਨਾ ਦੇਣ ਤੱਕ ਸਸਪੈਂਡ ਕੀਤਾ ਜਾਂਦਾ ਹੈ।

ਇਸ ਮੌਕੇ ਇਕਬਾਲ ਸਿੰਘ ਗਲੋਟੀ, ਜਗਤਾਰ ਸਿੰਘ ਰੌਲੀ, ਬਲਦੇਵ ਸਿੰਘ, ਮੇਹਰ ਸਿੰਘ, ਫੌਜਾ ਸਿੰਘ, ਗੁਰਚਰਨ ਸਿੰਘ, ਕਾਲਾ ਮਸੀਹ ਸਾਰੇ ਮੋਗਾ, ਬਲਵੰਤ ਸਿੰਘ, ਰੇਸ਼ਮ ਸਿੰਘ, ਹਰਨੇਕ ਸਿੰਘ, ਗੁਰਦੇਵ ਸਿੰਘ, ਬੂਟਾ ਸਿੰਘ, ਹਰਦੀਪ ਸਿੰਘ ਪੰਡੋਰੀ, ਮਲਕੀਤ ਸਿੰਘ ਥੰਮਣਵਾਲਾ, ਸੁਖਦੀਪ ਸਿੰਘ ਦਾਰਾਪੁਰ, ਜਸਵਿੰਦਰ ਸਿੰਘ, ਮਹਿੰਦਰ ਸਿੰਘ ਚੁਗਾਵਾਂ, ਨੱਛਤਰ ਸਿੰਘ, ਮਲਕੀਤ ਸਿੰਘ ਦੀਨਾ, ਮੁਖਤਿਆਰ ਸਿੰਘ, ਗੁਰਮੀਤ ਸਿੰਘ ਛੋਟਾ ਘੱਲੀਆ, ਪਾਲ ਸਿੰਘ ਘੱਲਕਲਾਂ, ਭੁਪਿੰਦਰ ਸਿੰਘ, ਵਕੀਲ ਸਿੰਘ, ਮੁਕੰਦ ਸਿੰਘ, ਬਲਵਿੰਦਰ ਸਿੰਘ, ਹਾਕਮ ਸਿੰਘ, ਗੁਰਚਰਨ ਸਿੰਘ ਮਾਣੂੰਕੇ, ਮਹਿਤਾ ਸਿੰਘ ਚੀਮਾ, ਸਾਧੂ ਸਿੰਘ ਖੋਸਾ ਰਣਧੀਰ, ਭਿੰਦਰ ਸਿੰਘ, ਮੇਜਰ ਸਿੰਘ ਸਮਾਧ ਭਾਈ, ਸਿਕੰਦਰ ਸਿੰਘ ਹਰੀਏਵਾਲਾ ਆਦਿ ਹਾਜ਼ਰ ਸਨ।

4161 ਮਾਸਟਰ ਕੇਡਰ ਯੂ

7 -Dec Page 3.qxd 12/6/2022 10:39 PM Page 1

ਕੈਟਲ ਫੀਡ ਪਲਾਂਟ ਠੇਕਾ ਮੁਲਾਜ਼ਮਾਂ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ

* ਮੰਗਾਂ ਨਾ ਮੰਨੀਆਂ ਤਾਂ 20 ਨੂੰ ਵੇਰਕਾ ਪਲਾਂਟਾਂ ਮੂਹਰੇ ਹੋਵੇਗਾ ਡਾਢਾ ਰੋਸ ਪ੍ਰਦਰਸ਼ਨ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਵੇਰਕਾ ਮਿਲਕ/ਕੈਟਲਫੀਡ ਪਲਾਂਟ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਲੁਧਿਆਣੇ ਵਿਖੇ ਕਨਵੈਨਸ਼ਨ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਗਿਆ। ਸੂਬਾਈ ਆਗੂ ਪਵਨਦੀਪ ਸਿੰਘ, ਪਲਾਂਟ ਪ੍ਰਧਾਨ ਪਲਾਂਟ ਕਮੇਟੀਆਂ ਨੇ ਦੱਸਿਆ ਕਿ ਬੀਤੇ ਲੰਮੇ ਸਮੇਂ ਤੋਂ ਵੇਰਕਾ ਦੇ ਵਿਭਾਗਾਂ ਵਿੱਚ ਕੰਮ ਕਰਦੇ ਵਰਕਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਭਗਵੰਤ ਸਿੰਘ ਮਾਨ ਦੀ ਇਸ ਸਰਕਾਰ ਵੱਲੋਂ ਵੀ ਹਰ ਵਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ 'ਚ ਲੈ ਕੇ ਰੈਗੂਲਰ ਕਰਨ ਦੀ ਬਜਾਏ ਉਨ੍ਹਾਂ ਦੇ ਕੱਚੇ ਕੰਮ ਨੂੰ ਵੀ ਖਤਮ ਕਰਨ/ਛਾਂਟੀਆਂ ਕਰਕੇ ਬੇ-ਰੁਜ਼ਗਾਰਾਂ ਨੂੰ ਪੱਕਾ ਰੁਜ਼ਗਾਰ ਦੇਣ ਦਾ ਢੌਂਗ ਰਚਿਆ ਜਾ ਰਿਹਾ ਹੈ। ਮੰਗ ਕੀਤੀ ਗਈ ਕਿ ਲੰਮੇ ਸਮੇਂ ਤੋਂ ਵੇਰਕਾ ਮਿਲਕ ਪਲਾਂਟ ਦੇ ਸਾਰੇ ਮੁਲਾਜ਼ਮਾਂ ਦੀਆਂ ਮੰਗਾਂ ਪਹਿਲਾਂ ਤੋਂ ਵੱਖ-ਵੱਖ ਪੋਸਟਾਂ 'ਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਠੇਕਾ ਕਾਮਿਆਂ ਨੂੰ ਉਨ੍ਹਾਂ ਵਿਭਾਗਾਂ ਵਿੱਚ ਸ਼ਾਮਲ ਕਰਕੇ ਰੈਗੂਲਰ ਕੀਤਾ ਜਾਵੇ। ਵਿੱਤੋਂ ਬਾਹਰਾ ਕੰਮ ਲੈਣਾ ਬੰਦ ਕੀਤਾ ਜਾਵੇ। ਖਾਲੀ ਪੋਸਟਾਂ 'ਤੇ ਲੋੜ ਅਨੁਸਾਰ ਹੋਰ ਆਸਾਮੀਆਂ ਦੀ ਸਿਰਜਣਾ ਕਰਕੇ ਨਵੀਂ ਰੈਗੂਲਰ ਭਰਤੀ ਕੀਤੀ ਜਾਵੇ। ਆਨੇ-ਬਹਾਨੇ ਕੱਚੇ/ਠੇਕਾ ਕਾਮਿਆਂ ਦੀਆਂ ਛਾਂਟੀਆਂ ਬੰਦ ਕੀਤੀਆਂ ਜਾਣ। ਵਿਭਾਗਾਂ ਵਿੱਚ ਠੇਕੇਦਾਰ ਵੱਲੋਂ ਅੰਨ੍ਹੀ ਲੁੱਟ ਨੂੰ ਖਤਮ ਕੀਤਾ ਜਾਵੇ, ਵੇਰਕਾ ਦੇ ਵਿੱਚ ਠੇਕੇਦਾਰ ਦੁਆਰਾ ਐਕਟ 1948 ਮੁਤਾਬਿਕ ਮਿਨੀਮਮ ਵੇਜਿਜ਼ ਤੋਂ ਵੀ ਘੱਟ ਰੇਟਾਂ 'ਤੇ ਕੰਮ ਲਿਆ ਜਾ ਰਿਹਾ ਹੈ ਜਦਕਿ ਠੇਕੇਦਾਰਾਂ ਦੇ ਟੈਂਡਰ ਤੇ ਘੱਟੋ-ਘੱਟ ਮਿਨੀਮਮ ਵੇਜਿਜ਼ ਦੇਣ ਦੀ ਸ਼ਰਤ ਲਾਗੂ ਹੈ ਪਰ ਇਨ੍ਹਾਂ ਲੋਟੂ ਟੋਲਿਆਂ ਵੱਲੋਂ 5-6 ਹਜ਼ਾਰ ਦੇ ਵਰਕਰਾਂ ਤੋਂ ਕੰਮ ਲਿਆ ਜਾਂਦਾ ਹੈ। ਡਿਊਟੀ ਵੀ 8 ਘੰਟੇ ਤੋਂ ਵੱਧ ਲਈ ਜਾਂਦੀ ਹੈ, ਬਣਦਾ ਮੇਹਨਤਾਨਾ ਵੀ ਨਹੀਂ ਦਿੱਤਾ ਜਾਂਦਾ। ਹੋਰ ਅਧਿਕਾਰਾਂ ਤੋਂ ਵੀ ਵਰਕਰਾਂ ਨੂੰ ਵਾਂਝਾ ਰੱਖਿਆ ਜਾਂਦਾ ਹੈ। ਕਿਰਤ ਵਿਭਾਗ ਦੇ ਕਾਨੂੰਨ ਅਨੁਸਾਰ ਵਰਕਰਾਂ ਨੂੰ ਕੰਮ ਮਿਲਦੇ ਅਧਿਕਾਰ, ਐਕਟ 1948 ਮੁਤਾਬਿਕ ਤਨਖਾਹ, ਬੋਨਸ, ਕੰਮ ਦੌਰਾਨ ਸੇਫਟੀ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ। ਵੇਰਕਾ ਯੂਨੀਅਨ ਵੱਲੋਂ ਵੱਖ-ਵੱਖ ਪਲਾਂਟਾਂ 'ਚ ਹੋ ਰਿਹੇ ਵਰਕਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਕਨਵੈਨਸ਼ਨ ਕਰਕੇ ਸੰਘਰਸ਼ ਦਾ ਐਲਾਨ ਕੀਤਾ ਗਿਆ। ਜੇਕਰ ਸੂਬਾ ਸਰਕਾਰ ਤੇ ਮੈਨੇਜਮੈਂਟ ਨੇ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ 20 ਨੂੰ ਪੰਜਾਬ ਦੇ ਵੱਖ-ਵੱਖ ਪਲਾਂਟਾਂ ਦੇ ਮੂਹਰੇ ਰੋਸ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਜੇਕਰ ਧਰਨਾ ਪ੍ਰਦਰਸਨਾਂ ਵਿਚ ਦੁੱਧ ਜਾਂ ਹੋਰ ਕੋਈ ਜੋ ਵੀ ਨੁਕਸਾਨ ਹੋਵੇਗਾ ਇਸ ਦੀ ਜ਼ੁੰਮੇਵਾਰ ਮਨੇਜਮੈਂਟ ਤੇ ਸਰਕਾਰ ਦੀ ਹੋਵੇਗੀ। ਇਸ ਮੌਕੇ ਵੱਖ-ਵੱਖ ਪਲਾਂਟਾਂ ਦੇ ਪ੍ਰਧਾਨਾਂ/ਅਹੁਦੇਦਾਰਾਂ ਨੇ ਮੰਗਾਂ ਸਬੰਧੀ ਚਰਚਾ ਕੀਤੀ ਅਤੇ ਵੱਡੀ ਗਿਣਤੀ 'ਚ ਵਰਕਰਾਂ ਨੇ ਸ਼ਮੂਲੀਅਤ ਕਰਕੇ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਐਲਾਨੇ ਸੰਘਰਸ਼ ਪ੍ਰੋਗਰਾਮ ਨੂੰ ਸਫਲ ਕਰਨ ਦੇ ਇਰਾਦੇ ਪ੍ਰਗਟ ਕੀਤੇ। ਕਨਵੈਨਸ਼ਨ 'ਚ ਭਰਾਤਰੀ ਤੌਰ 'ਤੇ ਸ਼ਾਮਿਲ ਹੋਏ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਵੀ ਹਮਾਇਤ ਦੇ ਨਾਲ ਮਜ਼ਦੂਰ-ਮੁਲਾਜ਼ਮ ਲਹਿਰ ਦੀ ਉਸਾਰੀ ਸਬੰਧੀ ਕੀਮਤੀ ਤਜਰਬੇ ਸਾਂਝੇ ਕੀਤੇ।

ਪੁਲ ਢਾਹੁਣ ਖਿਲਾਫ ਕਸੂਰ ਨਾਲੇ 'ਤੇ ਪਿੰਡ ਵਾਸੀਆਂ ਨੇ ਲਾਇਆ ਮੋਰਚਾ

ਅੰਮ੍ਰਿਤਸਰ (ਨਜ਼ਸ)—ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਜੋ ਜੰਮੂ-ਕੱਟੜਾ ਸੜਕ ਬਣਾਈ ਜਾ ਰਹੀ ਹੈ ਉਸਦੇ ਗਲਤ ਡਿਜ਼ਾਈਨ ਖਿਲਾਫ ਇਲਾਕੇ ਦੇ ਵੀਹ ਪਿੰਡਾਂ ਦਾ ਇਕੱਠ ਕਸੂਰ ਨਾਲੇ ਤੇ ਪਿੰਡ ਕਿਲਾ ਜੀਵਨ ਸਿੰਘ ਅਤੇ ਮਿਉਕਾ ਪਿੰਡਾਂ ਕੋਲ ਬਣ ਰਹੇ ਹਾਈਵੇ ਵਾਲੀ ਥਾਂ ਤੇ ਮੋਰਚਾ ਲਾਇਆ ਗਿਆ! ਇਸ ਜਗ੍ਹਾ ਪਹਿਲਾਂ ਇੱਕ ਪੁਲ ਕਸੂਰ ਨਾਲੇ ਉੱਪਰ ਬਣਿਆ ਹੋਇਆ ਹੈ ਜਿਸ ਰਾਹੀਂ ਉਪਰੋਕਤ ਦੋਵਾਂ ਪਿੰਡਾਂ ਦੇ ਕਿਸਾਨ ਆਪਣੀ ਸੈਂਕੜੇ ਏਕੜ ਜ਼ਮੀਨ ਦੀ ਕਾਸ਼ਤ ਕਰਦੇ ਹਨ! ਉਥੇ ਇਲਾਕੇ ਦੇ ਲੋਕਾਂ ਦੀ ਆਵਾਜਾਈ ਵੀ ਇਸ ਪੁਲ ਰਾਹੀਂ ਹੁੰਦੀ ਹੈ ਪਰੰਤੂ ਹੁਣ ਜਦੋਂ ਨੈਸ਼ਨਲ ਹਾਈਵੇ ਅਥਾਰਟੀ ਨੇ ਇਸ ਜਗ੍ਹਾ ਨਵਾਂ ਪੁਲ ਬਣਾਉਣ ਤੋਂ ਬਿਨਾਂ ਹੀ ਪਹਿਲੇ ਬਣੇ ਪੁਲ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਤਾਂ ਇਲਾਕੇ ਦੇ ਲੋਕਾਂ ਨੇ ਕਿਸਾਨ ਆਗੂਆਂ ਲਖਬੀਰ ਸਿੰਘ ਨਿਜਾਮਪੁਰ, ਧਰਮਿੰਦਰ ਸਿੰਘ, ਗੁਰਜੀਤ ਸਿੰਘ, ਸਰਪੰਚ ਜੋਗਿੰਦਰ ਸਿੰਘ ਕਿਲਾ ਜੀਵਨ ਸਿੰਘ, ਗੁਰਦੇਵ ਸਿੰਘ, ਪ੍ਰਗਟ ਸਿੰਘ ਮਿਉਕਾ, ਕੁਲਦੀਪ ਸਿੰਘ ਸਰਪੰਚ ਰੱਖ ਮਾਨਾਵਾਲਾ, ਪੂਰਨ ਸਿੰਘ ਜੰਡ ਦੀ ਅਗਵਾਈ ਹੇਠ ਪੁਲ ਵਾਲੀ ਜਗ੍ਹਾ ਪੱਕਾ ਮੋਰਚਾ ਲਾ ਦਿੱਤਾ ਜਿਥੇ ਅੱਜ ਮਹਿਕਮੇ ਦੇ ਉੱਚ ਅਧਿਕਾਰੀਆਂ ਨੇ ਪਹੁੰਚ ਕੇ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਜਿੰਨਾ ਚਿਰ ਕਿਸਾਨਾਂ ਤੇ ਆਮ ਲੋਕਾਂ ਦੀ ਸਹੂਲਤ ਵਾਸਤੇ ਨਵਾਂ ਪੁਲ ਨਹੀਂ ਬਣ ਜਾਂਦਾ ਉਨਾ ਚਿਰ ਤੱਕ ਪਹਿਲਾਂ ਬਣੇ ਪੁਲ ਨਾਲ ਛੇੜਛਾੜ ਨਹੀਂ ਕੀਤੀ ਜਾਵੇਗੀ! ਉਥੇ ਪ੍ਰਸ਼ਾਸਨ ਅਤੇ ਸੜਕ ਬਣਾਉਣ ਵਾਲੀ ਕੰਪਨੀ ਨੂੰ ਚਿਤਾਵਨੀ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇ ਇਹ ਪੁਲ ਨਾ ਬਣਾਇਆ ਤਾਂ ਇਸ ਜਗ੍ਹਾ ਬਣ ਰਹੀ ਸੜਕ ਦਾ ਕੰਮ ਮੁਕੰਮਲ ਬੰਦ ਕਰ ਦਿੱਤਾ ਜਾਵੇਗਾ! ਇਸ ਸਬੰਧੀ ਪਹਿਲਾਂ ਵੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਇਲਾਕੇ ਦੀਆਂ ਪੰਚਾਇਤਾਂ ਅਤੇ ਕਿਸਾਨ ਜਥੇਬੰਦੀਆਂ ਨੇ ਮੰਗ ਪੱਤਰ ਦੇ ਕੇ ਇਸ ਮੁਸ਼ਕਲ ਦੇ ਹੱਲ ਦੀ ਮੰਗ ਕੀਤੀ ਸੀ ਪਰ ਪ੍ਰਸ਼ਾਸਨ ਕੁੰਭਕਰਨ ਦੀ ਨੀਂਦ ਸੁੱਤਾ ਹੋਇਆ ਹੈ! ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਨ ਬੀਰ ਸਿੰਘ, ਹਰਪਾਲ ਸਿੰਘ ਸੋਨੀ, ਸਕੱਤਰ ਸਿੰਘ, ਬਲਦੇਵ ਸਿੰਘ, ਸੁੱਖ ਰਾਜ ਸਿੰਘ, ਦਲਜੀਤ ਸਿੰਘ, ਬਲਬੀਰ ਸਿੰਘ, ਕੁਲਵਿੰਦਰ ਸਿੰਘ ਜੰਡ, ਜਸਬੀਰ ਸਿੰਘ, ਬਿਕਰਮਜੀਤ ਸਿੰਘ ਅਤੇ ਸੁੱਚਾ ਸਿੰਘ ਲੀਡਰ ਆਦਿ ਹਾਜ਼ਰ ਸਨ!

'ਪੰਜਾਬ 'ਚ ਬਦਲਾਅ ਦੀ ਹਨੇਰੀ ਆਉਣ ਦੀ ਥਾਂ ਅਰਾਜਕਤਾ ਦਾ ਝੱਖੜ ਝੁਲ ਰਿਹੈ'

ਬਿਆਸ (ਬਲਰਾਜ ਸਿੰਘ ਰਾਜਾ)-ਪੰਜਾਬ ਵਿਚ ਬਣੀ ਆਮ ਆਦਮੀ ਸਰਕਾਰ ਦੇ ਆਉਣ ਨਾਲ ਜਿਥੇ ਬਦਲਾਅ ਦੀ ਹਨੇਰੀ ਆਉਣ ਬਾਰੇ ਸੋਚਿਆ ਜਾ ਰਿਹਾ ਸੀ, ਉਥੇ ਹੀ ਹੁਣ ਅੱਠ ਮਹੀਨੇ ਲੰਘ ਜਾਣ ਦੇ ਬਾਅਦ ਲੋਕਾਂ ਦਾ ਕਹਿਣਾ ਹੈ ਕਿ ਹਨੇਰੀ ਆ ਕੇ ਕਿਤੇ ਚਲੀ ਗਈ ਲੱਗਦੀ ਹੈ। ਬੀਤੇ ਕੱਲ੍ਹ ਰਈਆ ਵਿਚ ਚੜ੍ਹਦੀ ਸਵੇਰ ਇਕ ਨੌਜਵਾਨ ਵੱਲੋਂ ਆਪਣੇ ਸਕੇ ਮਾਸੜ ਦਾ ਸ਼ਰੇਆਮ ਉਸਦੇ ਘਰ ਆ ਕੇ ਕਿਰਚਾਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸਦੀ ਚਰਚਾ ਪੂਰੇ ਪੰਜਾਬ ਵਿਚ ਸਾਰੇ ਹੀ ਟੀ. ਵੀ. ਚੈਨਲਾਂ ਅਤੇ ਅਖ਼ਬਾਰਾਂ ਵਿਚ ਪ੍ਰਮੁੱਖ ਰੂਪ ਵਿਚ ਚੱਲ ਰਹੀ ਹੈ ਕਿ ਕਿਵੇਂ ਇਕ ਨਸ਼ੇ ਦੇ ਖੂਹ ਵਿਚ ਡੁੱਬੇ ਨੌਜਵਾਨ ਵੱਲੋਂ ਆਪਣੇ ਸਕੇ ਮਾਸੜ ਦਾ ਕਤਲ ਸਿਰਫ ਇਸ ਲਈ ਕਰ ਦਿੱਤਾ ਗਿਆ ਕਿ ਉਹ ਉਸਨੂੰ ਨਸ਼ੇ ਦੀ ਆਦਤ ਤੋਂ ਹਟਾਉਣਾ ਚਾਹੁੰਦਾ ਸੀ। ਬੀਤੀ ਦਿਨ ਕਾਤਲ ਖ਼ਿਲਾਫ ਥਾਣਾ ਬਿਆਸ ਵਿਚ ਮਾਮਲਾ ਦਰਜ਼ ਕਰਕੇ ਮ੍ਰਿਤਕ ਨਰਿੰਦਰ ਸਿੰਘ ਦੀ ਲਾਸ਼ ਬਾਬਾ ਬਕਾਲਾ ਦੇ ਮੁਰਦਾ ਘਰ 'ਚ ਪੋਸਟ ਮਾਰਟਮ ਲਈ ਰੱਖੀ ਗਈ ਸੀ। ਅੱਜ ਸਵੇਰੇ 10 ਵਜੇ ਦੇ ਕਰੀਬ ਰਈਆ ਚੌਕੀ ਇੰਚਾਰਜ ਸਬ ਇੰਸਪੈਕਟਰ ਰਘਬੀਰ ਸਿੰਘ ਸਿਵਲ ਹਸਪਤਾਲ ਬਾਬਾ ਬਕਾਲਾ ਵਿਖੇ ਮ੍ਰਿਤਕ ਦਾ ਪੋਸਟ ਮਾਰਟਮ ਕਰਵਾਉਣ ਲਈ ਪਹੁੰਚਿਆ, ਪਰ ਕਾਗਜ਼ਾਤ ਪੂਰੇ ਹੋਣ ਦੇ ਬਾਵਜੂਦ ਵੀ ਉਥੇ ਮੌਜੂਦ ਉਚ ਅਧਿਕਾਰੀ ਨੇ ਪੋਸਟਮਾਰਟਮ ਕਰਨ ਤੋਂ ਆਨਾਕਾਨੀ ਕੀਤੀ ਅਤੇ ਉਸਨੂੰ ਕਿਹਾ ਗਿਆ ਕਿ ਪੋਸਟਮਾਰਟਮ ਅੰਮ੍ਰਿਤਸਰ ਤੋਂ ਹੋਵੇਗਾ। ਜਦੋਂ ਉਸ ਪੁਲਿਸ ਅਧਿਕਾਰੀ ਨੇ ਅੰਮ੍ਰਿਤਸਰ ਦੇ ਵਿਭਾਗ ਦੇ ਮੁਖੀ ਨਾਲ ਸਿਵਲ ਹਸਪਤਾਲ ਬਾਬਾ ਬਕਾਲਾ ਦੇ ਅਧਿਕਾਰੀ ਦੀ ਗੱਲ ਕਰਵਾਈ ਤਾਂ ਉਹ ਮੰਨ ਗਏ ਕਿ ਪੋਸਟਮਾਰਟਮ ਬਾਬਾ ਬਕਾਲਾ ਹਸਪਤਾਲ ਵਿਚ ਹੀ ਕਰ ਦਿੱਤਾ ਜਾਵੇਗਾ।

ਉਸ ਤੋਂ ਬਾਅਦ ਸ਼ੁਰੂ ਹੋ ਗਿਆ ਖੱਜਲ-ਖੁਆਰੀ ਦਾ ਕੰਮ। ਅੱਜ ਹੀ ਐੱਸ.ਐੱਮ.ਓ. ਦਾ ਅਹੁਦਾ ਸੰਭਾਲਣ ਵਾਲੇ ਡਾ. ਹਰਦੀਪ ਕੌਰ ਨਾਲ ਜਦੋਂ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਡਾ. ਰਾਜਿੰਦਰ ਰਿਖੀ ਨੇ ਫੋਨ 'ਤੇ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੋਸਟਮਾਰਟਮ ਲਈ ਡਾਕਟਰਾਂ ਦਾ ਬੋਰਡ ਬਣਾ ਦਿੱਤਾ ਗਿਆ ਹੈ, ਪਰ ਜਦੋਂ ਐੱਸ.ਐੱਮ.ਓ. ਨੂੰ ਦੱਸਿਆ ਗਿਆ ਕਿ ਉਥੇ ਪੋਸਟਮਾਰਟਮ ਲਈ ਜਿਸ ਡਾਕਟਰ ਦੀ ਡਿਊਟੀ ਲਗਾਈ ਗਈ ਸੀ ਉਹ ਤਿੰਨ ਵਜੇ ਡਿਊਟੀ ਤੋਂ ਜਾ ਚੁੱਕਾ ਸੀ ਤਾਂ ਉਨ੍ਹਾਂ ਕਿਹਾ ਕਿ ਮੈਂ ਪਤਾ ਕਰਕੇ ਦੱਸਦੀ ਹਾਂ। ਕੁਝ ਦੇਰ ਬਾਅਦ ਫਿਰ ਜਦੋਂ ਡਾ. ਹਰਦੀਪ ਕੌਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਅਤੇ ਉਨ੍ਹਾਂ ਨੂੰ ਮਿਲਣ ਲਈ ਕਿਹਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਤਾਂ ਹਸਪਤਾਲ ਤੋਂ ਵਾਪਸ ਜਾ ਚੁੱਕੇ ਹਨ। ਜਦੋਂ ਉਨਾਂ ਨੂੰ ਕਿਹਾ ਗਿਆ ਕਿ ਤੁਸੀਂ ਆਪਣਾ ਸਟੇਸ਼ਨ ਹੈੱਡ ਛੱਡ ਕੇ ਕਿਵੇਂ ਜਾ ਸਕਦੇ ਹੋ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਮੈਨੂੰ ਤਾਂ ਅਜੇ ਵਿਭਾਗ ਵੱਲੋਂ ਲੈਟਰ ਹੀ ਦੁਪਹਿਰ ਬਾਰਾਂ ਵਜੇ ਮਿਲੀ ਹੈ। ਉਸ ਤੋਂ ਬਾਅਦ 4.15 'ਤੇ ਇਕ ਲੇਡੀ ਡਾਕਟਰ ਪੋਸਟ ਮਾਰਟਮ ਲਈ ਆਈ ਅਤੇ ਪੋਸਟਮਾਰਟਮ ਸ਼ੁਰੂ ਕੀਤਾ। ਮ੍ਰਿਤਕ ਦੇ ਪਰਿਵਾਰਕ ਮੈਂਬਰ ਕੁਲਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਆਪ ਸਰਕਾਰ ਦੇ ਆਉਣ ਨਾਲ ਆਇਆ ਬਦਲਾਅ ਅੱਜ ਸ਼ਰੇਆਮ ਦਿਖਾਈ ਦੇ ਰਿਹਾ ਹੈ, ਜਿੱਥੇ ਇਕ ਕਤਲ ਹੋਏ ਵਿਅਕਤੀ ਦਾ ਪੋਸਟਮਾਰਟਮ ਕਰਵਾਉਣ ਲਈ ਸਾਨੂੰ ਤਰਲੇ-ਮਿੰਨਤਾਂ ਕਰਨੀਆਂ ਪੈ ਰਹੀਆਂ ਹਨ ਜਦੋਂਕਿ ਇਹ ਸਰਕਾਰੀ ਕੰਮ ਹੈ ਅਤੇ ਬਿਨਾਂ ਕਿਸੇ ਸਿਫਾਰਸ਼ ਦੇ ਹੋਣਾ ਚਾਹੀਦਾ ਸੀ, ਪਰ ਸਾਨੂੰ ਇਸ ਕੰਮ ਲਈ ਵੀ ਮੀਡੀਆ ਦੀ ਮਦਦ ਲੈਣ ਦੇ ਬਾਵਜੂਦ ਕਾਫੀ ਦੇਰ ਤੱਕ ਖੱਜਲ-ਖੁਆਰੀ ਹੀ ਝੱਲਣੀ ਪਈ ਹੈ। ਸਭ ਤੋਂ ਵੱਡੀ ਗੱਲ ਹੈ ਕਿ ਕਿਸੇ ਵੀ ਸਿਵਲ ਹਸਪਤਾਲ ਵਿਚ ਤਾਇਨਾਤ ਐੱਸ.ਐੱਮ.ਓ. ਆਪਣਾ ਸਟੇਸ਼ਨ ਹੈੱਡ ਛੱਡ ਕੇ ਨਹੀਂ ਜਾ ਸਕਦਾ, ਪਰ ਸ਼ਾਇਦ ਹੀ ਪੰਜਾਬ ਦੇ ਕੁਝ ਚੁਨਿੰਦਾ ਹਸਪਤਾਲ ਹੋਣਗੇ ਜਿਥੇ ਕਿ ਐੱਸ.ਐੱਮ.ਓ ਆਪਣੇ ਸਟੇਸ਼ਨ ਹੈੱਡ ਉਪਰ 24 ਘੰਟੇ ਰਹਿੰਦੇ ਹੋਣਗੇ। ਸਰਕਾਰ ਅਤੇ ਸਿਹਤ ਵਿਭਾਗ ਨੂੰ ਇਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਜ਼ੋਨ ਬਾਬਾ ਦੀਪ ਸਿੰਘ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀ ਮੋਰਚੇ 'ਚ ਭਰਵੀਂ ਸ਼ਮੂਲੀਅਤ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੀ ਅਗਵਾਈ ਵਿੱਚ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਤਰਨਤਾਰਨ ਅੱਗੇ ਲੱਗੇ ਪੱਕੇ ਮੋਰਚੇ ਵਿੱਚ 4 ਦਸੰਬਰ ਨੂੰ ਸੂਬੇ ਦੇ ਦਿਸ਼ਾ-ਨਿਰਦੇਸ਼ਾਂ ਨੂੰ ਮੰਨਦੇ ਹੋਏ ਬਣਦੀ ਡਿਊਟੀ ਅਨੁਸਾਰ ਹਾਜ਼ਰੀ ਭਰੀ ਗਈ। ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦਬੁਰਜੀ, ਪ੍ਰਧਾਨ ਬਲਜੀਤ ਸਿੰਘ ਰਟੌਲ, ਜ਼ੋਨ ਖਜ਼ਾਨਚੀ ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ, ਮੀਤ ਖਜ਼ਾਨਚੀ ਜਸਮੇਲ ਸਿੰਘ ਜੌਹਲ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ੋਨ ਵੱਲੋਂ 18 ਪਿੰਡਾਂ ਦੇ ਸਹਿਯੋਗ ਨਾਲ ਚੱਲ ਰਹੇ ਧਰਨੇ ਵਿੱਚ ਹਾਜ਼ਰੀ ਦਰਜ ਕਰਵਾਈ। ਉਨ੍ਹਾਂ ਕਿਹਾ ਕਿ ਜਥੇਬੰਦੀ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਾਂ। ਇਸ ਮੌਕੇ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਸਲਾਹਕਾਰ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਸੀਨੀਅਰ ਆਗੂ ਬਾਬਾ ਸਵਿੰਦਰ ਸਿੰਘ ਖਾਰਾ ਨੇ ਦੱਸਿਆ ਕਿ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਅਗਲੇ ਪੜਾਅਵਾਰ ਸੰਘਰਸ਼ ਦਾ ਐਲਾਨ ਕੀਤਾ ਹੈ ਜਿਸ ਅਨੁਸਾਰ ਸਰਦ ਰੁੱਤੇ ਅਜਲਾਸ ਨੂੰ ਮੁੱਖ ਰੱਖਦਿਆਂ ਕਿਸਾਨ ਆਗੂਆਂ ਵੱਲੋਂ ਵਫਦ ਦੇ ਰੂਪ ਵਿੱਚ ਪੰਜਾਬ ਦੇ ਐੱਮਪੀ ਨੂੰ ਮੰਗ ਪੱਤਰ ਦਿੱਤੇ ਗਏ ਅਤੇ ਸੱਤ ਦਸੰਬਰ ਨੂੰ ਡੀਸੀ ਦਫਤਰ ਦੇ ਗੇਟਾਂ ਅੱਗੇ ਬਾਰਾਂ ਤੋਂ ਚਾਰ ਵਜੇ ਤੱਕ ਧਰਨਾ ਦਿੱਤਾ ਜਾਵੇਗਾ। ਇਸੇ ਤਰ੍ਹਾਂ 12 ਦਸੰਬਰ ਨੂੰ ਮੰਤਰੀਆਂ

7-December-PAGE-4-2.qxd 12/6/2022 10:45 PM Page 1

ਨਵਾਂ ਜ਼ਮਾਨਾ
ਬੁੱਧਵਾਰ, 7 ਦਸੰਬਰ 2022

ਸਮੂਹਿਕ ਹੱਤਿਆਵਾਂ ਦਾ ਖ਼ਦਸ਼ਾ

ਇੱਕ ਅਮਰੀਕੀ ਖੋਜੀ ਸੰਸਥਾ ਨੇ ਆਪਣੀ ਹਾਲੀਆ ਰਿਪੋਰਟ ਵਿੱਚ ਭਾਰਤ ਨੂੰ ਉਨ੍ਹਾਂ ਦੇਸ਼ਾਂ ਵਿੱਚ ਅੱਠਵੇਂ ਸਥਾਨ 'ਤੇ ਰੱਖਿਆ ਹੈ, ਜਿਨ੍ਹਾਂ ਵਿੱਚ ਚਾਲੂ ਸਾਲ ਤੇ ਅਗਲੇ ਸਾਲ ਸਮੂਹਿਕ ਹੱਤਿਆਵਾਂ ਹੋਣ ਦਾ ਖ਼ਤਰਾ ਹੈ। ਸਮੂਹਿਕ ਹੱਤਿਆਵਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਵਿੱਚ ਇੱਕ ਵਿਸ਼ੇਸ਼ ਵਰਗ ਦਾ ਵਿਅਕਤੀ ਹੋਣ ਕਾਰਨ ਸਰਕਾਰੀ ਜਾਂ ਗੈਰ-ਸਰਕਾਰੀ ਹਥਿਆਰਬੰਦ ਲੋਕਾਂ ਵੱਲੋਂ ਉਸ ਨੂੰ ਜਾਣਬੁੱਝ ਕੇ ਮਾਰ ਦਿੱਤਾ ਜਾਂਦਾ ਹੈ।

ਅਰਲੀ ਵਾਰਨਿੰਗ ਪ੍ਰੋਜੈਕਟ ਨਾਂਅ ਦੀ ਸੰਸਥਾ ਨੇ ਨਵੰਬਰ ਵਿੱਚ ਜਾਰੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 2022-2023 ਵਿੱਚ ਭਾਰਤ ਵਿੱਚ ਨਵੇਂ ਸਿਰੇ ਤੋਂ ਸਮੂਹਿਕ ਹੱਤਿਆਵਾਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਰਿਪੋਰਟ ਵਿੱਚ ਸਾਰੇ 162 ਦੇਸ਼ਾਂ ਵਿੱਚੋਂ ਪਾਕਿਸਤਾਨ ਪਹਿਲੇ, ਯਮਨ ਦੂਜੇ, ਮਿਆਂਮਾਰ ਤੀਜੇ, ਛਾਡ ਚੌਥੇ, ਇਥੋਪੀਆ ਪੰਜਵੇਂ, ਨਾਈਜੇਰੀਆ ਛੇਵੇਂ ਤੇ ਅਫ਼ਗਾਨਿਸਤਾਨ ਨੂੰ ਸੱਤਵੇਂ ਸਥਾਨ ਉੱਤੇ ਰੱਖਿਆ ਗਿਆ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਭਾਰਤ ਦੀ ਸਥਿਤੀ ਸੁਡਾਨ, ਸੋਮਾਲੀਆ, ਸੀਰੀਆ, ਇਰਾਕ ਤੇ ਜ਼ਿੰਬਾਬਵੇ ਤੋਂ ਵੀ ਬਦਤਰ ਅੰਕੀ ਗਈ ਹੈ।

ਰਿਪੋਰਟ ਵਿੱਚ ਅਜਿਹੀਆਂ ਕਈ ਉਦਾਹਰਨਾਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਦੱਸਿਆ ਗਿਆ ਹੈ ਕਿ ਕਿਵੇਂ ਕੇਂਦਰ ਤੇ ਰਾਜਾਂ ਦੀਆਂ ਭਾਜਪਾ ਸਰਕਾਰਾਂ ਦੇਸ਼ ਦੇ ਘੱਟਗਿਣਤੀ ਮੁਸਲਮਾਨਾਂ ਨਾਲ ਭੇਦਭਾਵ ਕਰਦੀਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਿੰਦੂ ਰਾਸ਼ਟਰਵਾਦੀ ਆਗੂਆਂ ਨੇ ਨਫ਼ਰਤੀ ਭਾਸ਼ਣ ਦੇਣਾ ਜਾਰੀ ਰੱਖਿਆ ਹੋਇਆ ਹੈ, ਜਿਸ ਵਿੱਚ ਧਾਰਮਿਕ ਆਗੂਆਂ ਵੱਲੋਂ ਮੁਸਲਮਾਨਾਂ ਦੀਆਂ ਸਮੂਹਿਕ ਹੱਤਿਆਵਾਂ ਦੇ ਸੱਦੇ ਦਿੱਤੇ ਗਏ ਸਨ। ਹਾਲ ਹੀ ਵਿੱਚ ਕਈ ਰਾਜਾਂ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵੱਡੇ ਪੱਧਰ 'ਤੇ ਹੋਈਆਂ ਹਨ। ਇਨ੍ਹਾਂ ਘਟਨਾਵਾਂ ਵਿੱਚ ਹਿੰਦੂ ਰਾਸ਼ਟਰਵਾਦੀ ਜਲੂਸਾਂ ਵਿੱਚ ਮੁਸਲਮਾਨਾਂ ਵਿਰੋਧੀ ਨਾਅਰੇ ਲਾਏ ਗਏ ਤੇ ਮਸਜਿਦਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਹਿੰਸਕ ਜਲੂਸਾਂ ਦੇ ਜਵਾਬ ਵਿੱਚ ਸਥਾਨਕ ਅਧਿਕਾਰੀਆਂ ਨੇ ਉਲਟਾ ਕਈ ਰਾਜਾਂ ਵਿੱਚ ਮੁਸਲਮਾਨਾਂ ਦੀਆਂ ਜਾਇਦਾਦਾਂ ਤੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਮਲੀਆਮੇਟ ਕਰ ਦਿੱਤਾ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਾਈਆਂ ਤੇ ਦਲਿਤਾਂ ਸਮੇਤ ਦੂਜੀਆਂ ਘੱਟਗਿਣਤੀਆਂ ਨੂੰ ਲਗਾਤਾਰ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਤੂਬਰ 2021 ਵਿੱਚ ਜਾਰੀ ਇੱਕ ਤੱਥ ਖੋਜੀ ਰਿਪੋਰਟ ਮੁਤਾਬਕ ਉਸ ਸਾਲ ਪਹਿਲੇ 9 ਮਹੀਨਿਆਂ ਦੌਰਾਨ ਇਸਾਈਆਂ ਵਿਰੁੱਧ ਹਿੰਸਾ ਦੇ 300 ਕੇਸ ਦਰਜ ਹੋਏ ਸਨ। ਰਿਪੋਰਟ ਵਿੱਚ ਜੰਮੂ-ਕਸ਼ਮੀਰ ਅੰਦਰ ਲਗਾਤਾਰ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਅੱਤਵਾਦੀਆਂ ਵੱਲੋਂ ਹਿੰਦੂ ਨਾਗਰਿਕਾਂ ਦੀਆਂ ਹੱਤਿਆਵਾਂ ਵਿੱਚ ਵਾਧਾ ਅਤੇ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਵਿਰੁੱਧ ਭਾਰਤ ਸਰਕਾਰ ਦੀਆਂ ਕਾਰਵਾਈਆਂ ਸ਼ਾਮਲ ਹਨ। ਇਹ ਰਿਪੋਰਟ ਉਸ ਸਮੇਂ ਆਈ ਹੈ, ਜਦੋਂ ਗੁਜਰਾਤ ਚੋਣਾਂ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ ਭਾਸ਼ਣ ਵਿੱਚ ਇਹ ਕਹਿ ਰਿਹਾ ਹੁੰਦਾ ਹੈ ਕਿ ਉਨ੍ਹਾਂ 2002 ਵਿੱਚ ਗੁੰਡਿਆਂ ਨੂੰ ਅਜਿਹਾ ਸਬਕ ਸਿਖਾਇਆ ਸੀ, ਜਿਸ ਨਾਲ ਗੁਜਰਾਤ ਵਿੱਚ ਸ਼ਾਂਤੀ ਹੋ ਸਕੀ। ਵਰਨਣਯੋਗ ਹੈ ਕਿ ਗੋਧਰਾ ਰੇਲ ਕਾਂਡ ਤੋਂ ਬਾਅਦ 2002 ਵਿੱਚ ਗੁਜਰਾਤ ਅੰਦਰ ਹੋਏ ਦੰਗਿਆਂ ਵਿੱਚ ਦੋ ਹਜ਼ਾਰ ਤੋਂ ਵੱਧ ਮੁਸਲਮਾਨ ਮਾਰ ਦਿੱਤੇ ਗਏ ਸਨ। ਇਸ ਲਈ ਮੌਜੂਦਾ ਸਰਕਾਰ ਤੋਂ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਉਹ ਸਮੂਹਿਕ ਹੱਤਿਆਵਾਂ ਨੂੰ ਉਤਸ਼ਾਹਤ ਕਰਨ ਦੀ ਆਪਣੀ ਨੀਤੀ ਨੂੰ ਤਿਆਗ ਦੇਵੇਗੀ।

ਹੋਵੇ ਵਿਰਲਾ ਰਵੀਸ਼ !

ਫੜ ਕੇ ਮਾਈਕ ਤੇ ਕੈਮਰੇ ਰੱਖ ਮੋਢੇ,
ਫਿਰਦੇ ਲੱਭਦੇ ਪਈ 'ਦੁਫੇੜ' ਦੇਖੋ।
ਬੋਲਾਂ ਵਿੱਚ ਸੰਜੀਦਗੀ ਦਿਸੇ ਕੋਈ ਨਾ,
ਕਰੀ ਜਾਂਦੇ ਨੇ 'ਯਾਭਾਂ ਦੇ ਭੇੜ' ਦੇਖੋ।
ਜਰਨਲਿਜ਼ਮ ਦੀ ਸਿੱਖਿਆ ਲਈ ਕਿੱਥੋਂ,
ਨਹੀਂ ਦੱਸਣਗੇ ਕਿਸੇ ਨੂੰ 'ਛੇੜ' ਦੇਖੋ।
'ਸੇਵਾਦਾਰ' ਮਾਂ-ਬੋਲੀ ਦੇ ਬਣਨ ਵੱਡੇ,
ਕਹਿੰਦੇ ਕਹਿਣ ਦਰੱਖਤ ਨੂੰ 'ਪੇੜ' ਦੇਖੋ।
ਗੋਦੀ ਕਿਸੇ ਦੀ ਬੈਠ ਜੋ ਲਿਖੀ ਜਾਵੇ,
ਕਲਮਕਾਰ ਨਹੀਂ 'ਕਲਮਘੜੀਸ' ਹੁੰਦਾ।
ਪੱਤਰਕਾਰ ਕਹਾਉਂਦੇ ਤਾਂ ਬਹੁਤ ਲੋਕੀਂ,
ਐਪਰ ਵਿਰਲਾ ਹੀ ਕੋਈ 'ਰਵੀਸ਼' ਹੁੰਦਾ।

-ਤਰਲੋਚਨ ਸਿੰਘ 'ਦੁਪਾਲਪੁਰ', 78146-92724

ਭੁੱਲਿਆ-ਵਿਸਰਿਆ ਆਦਿਵਾਸੀ ਕਤਲੇਆਮ (ਇੱਕ ਹੋਰ ਜਲ੍ਹਿਆਂਵਾਲਾ)

ਡਾ. ਹਰਗੁਰਪਰਤਾਪ ਸਿੰਘ

ਭਾਰਤੀ ਉਪ ਮਹਾਂਦੀਪ ਵਿਚ ਧਰਮਾਂ, ਕੌਮਾਂ, ਕਬੀਲਿਆਂ, ਜਾਤਾਂ, ਗੋਤਾਂ, ਖਿੱਤਿਆਂ ਦਾ ਇਤਿਹਾਸ ਬੜਾ ਲੰਮਾ-ਚੌੜਾ ਤੇ ਪੇਚੀਦਾ ਹੈ। ਹਰ ਧਰਮ ਦੇ ਕੁਝ ਲੋਕ ਆਪਣੇ ਧਰਮ ਨੂੰ ਵਧੀਆ ਤੇ ਦੂਸਰੇ ਧਰਮ ਨੂੰ ਮਾੜਾ ਦੱਸਣ ਦੀ ਕੋਸ਼ਿਸ਼ ਕਰਦੇ ਹਨ। ਇੱਕ ਕੌਮ ਦੇ ਕੁਝ ਲੋਕ ਦੂਜੀ ਕੌਮ ਦੇ ਲੋਕਾਂ ਨੂੰ ਆਪਣੇ ਤੋਂ ਮਾੜੇ ਤੇ ਘਟੀਆ ਸਮਝਦੇ ਹਨ। ਕੁਝ ਜਾਤਾਂ ਦੇ ਕੁਝ ਲੋਕ ਦੂਜੀਆਂ ਜਾਤਾਂ ਨੂੰ ਆਪਣੇ ਤੋਂ ਨੀਵੀਆਂ ਤੇ ਮਾੜੀਆਂ ਦੱਸਦੇ ਹਨ। ਇੱਕੋ ਜਾਤ ਵਿਚ ਕੁਝ ਗੋਤਾਂ ਦੇ ਕੁਝ ਲੋਕ ਦੂਜੇ ਗੋਤਾਂ ਨੂੰ ਮਾੜਾ ਤੇ ਨੀਵਾਂ ਦੱਸਦੇ ਹਨ। ਕੁਝ ਖਿੱਤਿਆਂ ਦੇ ਲੋਕ ਆਪਣੇ-ਆਪ ਨੂੰ ਬਹਾਦਰਾਂ ਦੇ ਖਿੱਤੇ ਦੇ ਵਾਸੀ ਦੱਸਦੇ ਹਨ ਤੇ ਦੂਜਿਆਂ ਦੇ ਖਿੱਤਿਆਂ ਨੂੰ ਬੁਜ਼ਦਿਲਾਂ ਦੇ ਖਿੱਤੇ ਦੱਸਦੇ ਹਨ । ਅਜਿਹਾ ਪਿਛਲੇ ਸਮਿਆਂ ਤੋਂ ਹੁੰਦਾ ਆਇਆ ਹੈ ।

ਭਾਰਤੀ ਉਪ ਮਹਾਂਦੀਪ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਖਿਲਾਫ ਚੱਲੇ ਅੰਦੋਲਨਾਂ ਦੇ ਮਾਮਲੇ ਵਿਚ ਵੀ ਇਹੀ ਕੁਝ ਸੁਣੀਂਦਾ ਹੈ। ਅਸੀਂ ਵੱਧ ਸ਼ਹੀਦੀਆਂ ਦਿੱਤੀਆਂ। ਅਸੀਂ ਵੱਧ ਸੀ ਜੇਲ੍ਹਾਂ 'ਚ ਜਾਣ ਵੇਲੇ। ਅਸੀਂ ਵੱਧ ਫਾਂਸੀਆਂ 'ਤੇ ਚੜ੍ਹੇ। ਅਸੀਂ ਕਾਲੇਪਾਣੀ ਜ਼ਿਆਦਾ ਗਏ! ਦੂਜਿਆਂ ਨੇ ਤਾਂ ਕੁਝ ਕੀਤਾ ਹੀ ਨਹੀਂ। ਜੇ ਅਸੀਂ ਨਾ ਕਰਦੇ ਤਾਂ ਫੇਰ ਇੱਥੇ ਕੁਝ ਨਹੀਂ ਸੀ ਹੋਣਾ। ਜੇ ਅਸੀਂ ਨਾ ਖੜਦੇ, ਫੇਰ ਕਿਸੇ ਨੇ ਨਹੀਂ ਸੀ ਖੜੋਣਾ। ਅਸੀਂ/ਸਾਡੇ/ਮੇਰੇ ਦੇ ਹੰਕਾਰ ਵਿੱਚ ਅਸੀਂ ਆਪਣੀਆਂ ਅੱਖਾਂ 'ਤੇ ਬੱਸ ਪੱਟੀ ਹੀ ਬੰਨ੍ਹ ਲੈਂਦੇ ਹਾਂ। ਸਾਡੇ ਕੋਲ ਇੰਟਰਨੈੱਟ ਵਾਲਾ ਫੋਨ ਪਿਆ ਹੁੰਦਾ ਹੈ, ਪਰ ਸਾਡੀ ਸੋਚ ਨੂੰ ਹੰਕਾਰ ਦਾ, ਹਉਮੈ ਦਾ ਲਕਵਾ ਮਾਰ ਜਾਂਦਾ ਹੈ । ਸਾਡੀਆਂ ਉਂਗਲਾਂ ਗੂਗਲ 'ਤੇ ਕੁਝ ਨਵਾਂ ਲੱਭਣ-ਖੋਜਣ ਵੱਲ ਚੱਲਦੀਆਂ ਹੀ ਨਹੀਂ ਚਲੋ ਛੱਡੋ ਇਸ ਗੱਲ ਨੂੰ ।

ਅਜ਼ਾਦੀ ਦੀ ਲੜਾਈ ਦੇ ਉਸ ਦੌਰ ਵਿੱਚ ਪੰਜਾਬੀ ਖਿੱਤੇ ਦੇ ਲੋਕ ਬੜੇ ਅਦਬ-ਸਤਿਕਾਰ ਨਾਲ ਦੱਸਦੇ ਹਨ ਕਿ ਜਲ੍ਹਿਆਂਵਾਲਾ ਬਾਗ ਦਾ ਕਤਲੇਆਮ ਸਾਡੇ ਖਿੱਤੇ ਵਿਚ, ਸਾਡੀ ਕੌਮ ਦਾ ਹੋਇਆ ਸੀ । ਏਨੇ ਬੰਦੇ ਸ਼ਹੀਦ ਹੋ ਗਏ ਸਨ । ਅਸੀਂ ਫੇਰ ਅਣਖੀ ਯੋਧੇ ਜੋ ਹੋਇਆ, ਬਦਲਾ ਲਿਆ ਸੀ ਉਸ ਕਤਲੇਆਮ ਦਾ, ਲੰਡਨ 'ਚ ਜਾ ਕੇ ! ਭਾਜੀ ਮੋੜੀ ਸੀ ।

ਏਡਾ ਵੱਡਾ ਜ਼ੁਲਮ ਕਦੇ ਵੀ, ਕਿਤੇ ਵੀ ਅੰਗਰੇਜ਼ ਸਰਕਾਰ ਨੇ ਨਹੀਂ ਸੀ ਕੀਤਾ ।

ਪਰ ਦੋਸਤੋ, ਜੇ ਅਸੀਂ ਨੈੱਟ 'ਤੇ ਖੋਜ ਕਰੀਏ ਰਾਜਸਥਾਨ ਦਾ ਜਲ੍ਹਿਆਂਵਾਲਾ ਕਾਂਡ ਤਾਂ ਇੱਕ ਹੋਰ ਇਤਿਹਾਸਕ ਤੱਥ ਸਾਡੇ ਸਾਹਮਣੇ ਪ੍ਰਗਟ ਹੁੰਦਾ ਹੈ ।

ਨੈੱਟ 'ਤੇ ਕੁਝ ਜਾਣਕਾਰੀਆਂ ਰਾਜਸਥਾਨ-ਗੁਜਰਾਤ-ਮੱਧ ਪ੍ਰਦੇਸ਼ ਬਾਰਡਰ ਦੇ ਲਾਗੇ ਪੈਂਦੇ ਇਲਾਕੇ ਮਾਨਗੜ੍ਹ ਦੇ, 1913 ਦੇ ਭੀਲ ਆਦਿਵਾਸੀਆਂ ਦੇ, ਅੰਗਰੇਜ਼ਾਂ ਅਤੇ ਉਹਨਾਂ ਦੇ ਜੁੱਤੀਚੱਟ ਭਾਰਤੀ ਹਾਕਮਾਂ ਹੱਥੋਂ ਹੋਏ ਭਿਅੰਕਰ ਕਤਲੇਆਮ ਬਾਰੇ ਮਿਲਦੀਆਂ ਹਨ ।

ਦਰਅਸਲ ਭੀਲ ਆਦਿਵਾਸੀ ਕਬੀਲਾ ਰਾਜਸਥਾਨ-ਮੱਧ ਪ੍ਰਦੇਸ਼- ਗੁਜਰਾਤ-ਮਹਾਰਾਸ਼ਟਰ ਵਿਚ ਫੈਲਿਆ ਹੋਇਆ ਵਿਸ਼ਾਲ ਆਦਿਵਾਸੀ ਵਣਵਾਸੀ ਕਬੀਲਾ ਹੈ, ਜੋ ਕਿ ਭਾਰਤ ਦੇ ਉਸ ਹਿੱਸੇ ਦੇ ਮਨੂੰਵਾਦੀ, ਬ੍ਰਾਹਮਣਵਾਦੀ ਅਤੇ ਅੰਗਰੇਜ਼ ਸਾਮਰਾਜ ਦੇ ਦਲਾਲ ਰਾਜਿਆਂ-ਰਜਵਾੜਿਆਂ ਹੱਥੋਂ ਬੁਰੀ ਤਰ੍ਹਾਂ ਪੀੜਤ ਕਬੀਲਾ ਰਿਹਾ ਹੈ ਅਤੇ ਖੁਦ ਅੰਗਰੇਜ਼ ਰਾਜਕਰਤਾਵਾਂ ਹੱਥੋਂ ਵੀ । ਭੀਲ ਕਬੀਲੇ ਦੇ ਲੋਕਾਂ ਨੂੰ ਜਾਂ ਤਾਂ ਬੰਧੂਆ ਮਜ਼ਦੂਰ ਬਣ ਕੇ, ਉੱਚ ਜਾਤੀ ਅਮੀਰਾਂ ਦੇ ਟੁਕੜਿਆਂ 'ਤੇ ਪਲਣਾ ਪੈਂਦਾ ਸੀ ਜਾਂ ਬੜੇ ਭਾਰੀ ਮਾਮਲੇ 'ਤੇ ਕੁਝ ਨਾ ਕੁਝ ਖੇਤੀਯੋਗ ਜ਼ਮੀਨ ਮਿਲਦੀ ਸੀ ਜਾਂ ਭੁੱਖੇ-ਪਿਆਸੇ ਮਰਨਾ ਪੈਂਦਾ ਸੀ ਜਾਂ ਮਜਬੂਰੀ ਵਿੱਚ ਢਿੱਡ ਨੂੰ ਝੁਲਕਾ ਦੇਣ ਖਾਤਰ ਛੋਟੀਆਂ-ਮੋਟੀਆਂ ਚੋਰੀਆਂ, ਡਕੈਤੀਆਂ ਕਰਨੀਆਂ ਪੈਂਦੀਆਂ ਸਨ ।

1900 ਈਸਵੀ ਦੇ ਨੇੜੇ-ਤੇੜੇ ਸਥਾਨਕ ਡੂੰਗਰਪੁਰ, ਬਾਂਸਵਾੜਾ, ਸੰਤਰਾਮਪੁਰ (ਦੱਖਣੀ ਰਾਜਸਥਾਨ ਇਲਾਕਾ) ਦੇ ਮਨੂੰਵਾਦੀ ਰਾਜੇ ਰਜਵਾੜੇ ਉਹਨਾਂ 'ਤੇ ਬੜਾ ਜ਼ੁਲਮ ਕਰਦੇ ਸਨ। ਪੜ੍ਹਨ-ਲਿਖਣ ਦੇ ਅਧਿਕਾਰ ਤੱਕ ਨਹੀਂ ਸਨ। ਮਹਿੰਗਾ ਵਿਆਜ, ਵੱਡੇ ਟੈਕਸ, ਬੰਧੂਆ ਮਜ਼ਦੂਰੀ, ਜ਼ਲਾਲਤ, ਗਰੀਬੀ, ਭੁੱਖ, ਬੇਗਾਰੀ ਨੇ ਭੀਲ ਸਮੁਦਾਇ ਦਾ ਲੱਕ ਤੋੜ ਰੱਖਿਆ ਸੀ । ਹਾਂ ਸ਼ਰਾਬ-ਦਾਰੂ-ਨਸ਼ੇ ਕਰਨ ਦੀ ਖੁੱਲ੍ਹ ਬਹੁਤ ਸੀ । ਅਜਿਹਾ ਸਭ ਕੁਝ ਉਸ ਸਮੇਂ ਉਸ ਇਲਾਕੇ 'ਚ ਚਲ ਰਹੇ ਬ੍ਰਾਹਮਣਵਾਦੀ ਵਿਧਾਨ ਅਨੁਸਾਰ ਸੀ ਹੀ ਸਭ ਕੁਝ । ਭੀਲ ਆਦਿਵਾਸੀ ਕਬੀਲੇ ਦਾ ਕਾਰ-ਵਿਹਾਰ ਉਸ ਇਲਾਕੇ ਦੇ ਦੂਜੇ ਆਦਿਵਾਸੀ ਅਤਿ ਗਰੀਬ ਕਬੀਲੇ ਬੰਜਾਰਾ ਕਬੀਲੇ ਵਰਗਾ ਹੀ ਸੀ। ਉਹਨਾ ਸਮਿਆਂ ਵਿੱਚ ਤਾਂ ਜਿਸ ਪ੍ਰਕਾਰ ਪੂਰੇ ਸੰਸਾਰ ਭਰ ਵਿਚ ਆਪਣੇ ਅਧਿਕਾਰਾਂ ਨੂੰ ਲੈ ਕੇ ਮਜ਼ਦੂਰਾਂ ਦੀ ਮਜ਼ਦੂਰੀ ਨੂੰ ਲੈ ਕੇ, ਅਮੀਰਾਂ ਹੱਥੋਂ ਗਰੀਬਾਂ ਦੀ ਲੁੱਟ ਨੂੰ ਲੈ ਕੇ, ਗਰੀਬ ਤੇ ਬੇਜ਼ਮੀਨੇ ਕਿਸਾਨਾਂ ਅਤੇ ਮੁਜ਼ਾਰਿਆਂ ਨੂੰ ਲੈ ਕੇ ਸਾਰੇ ਸੰਸਾਰ ਵਿੱਚ ਅਤੇ ਇਹਨਾ ਸਮੇਤ ਜਾਤ-ਪਾਤ ਦੇ ਜ਼ੁਲਮਾਂ ਖਿਲਾਫ, ਸਾਰੇ ਭਾਰਤ ਵਿਚ ਇੱਕ ਤਰ੍ਹਾਂ ਦੀ ਚੇਤਨਾ ਦਾ ਪਸਾਰ ਹੋਣ ਲੱਗਾ ਸੀ ਵੀਹਵੀਂ ਸਦੀ ਦੇ ਸ਼ੁਰੂ ਵਿਚ, ਉਸ ਤੋਂ ਭੀਲ ਅਤੇ ਬੰਜਾਰਾ ਕਬੀਲੇ ਵੀ ਅਛੂਤੇ ਨਾ ਰਹੇ । 1899-1900 ਈਸਵੀ ਦੇ ਭਿਅੰਕਰ ਅਕਾਲ 'ਚ ਹੋਈਆਂ ਭੁੱਖ ਨਾਲ ਮੌਤਾਂ ਅਤੇ ਸਥਾਨਕ ਰਜਵਾੜਾਸ਼ਾਹੀ ਦੇ ਜ਼ੁਲਮਾਂ ਦਾ ਭੰਨਿਆ ਭੀਲ ਕਬੀਲਾ ਵੀ ਇੱਕ ਤਰ੍ਹਾਂ ਦੀ ਸੋਚ-ਵਿਚਾਰ ਵਿੱਚੋਂ ਗੁਜ਼ਰ ਰਿਹਾ ਸੀ ।

ਉਹਨਾ ਸਮਿਆਂ ਵਿੱਚ ਉਸ ਇਲਾਕੇ ਵਿੱਚੋਂ ਦੀ ਜਦੋਂ ਦਇਆਨੰਦ ਸੁਆਮੀ ਜੀ ਦਾ ਆਉਣਾ-ਜਾਣਾ ਹੋਇਆ ਤਾਂ ਬੰਜਾਰਾ ਕਬੀਲੇ ਦੇ ਇੱਕ ਜਿਗਿਆਸੂ ਤੇ ਤਰਕਵਾਦੀ ਬੰਧੂਆ ਮਜ਼ਦੂਰ ਗੋਬਿੰਦ ਦਾ ਉਹਨਾਂ ਨਾਲ ਮੇਲ-ਮਿਲਾਪ ਹੋਇਆ । ਗੋਬਿੰਦ ਭਾਵੇਂ ਅਨਪੜ੍ਹ ਸੀ, ਪਰ ਜਿਗਿਆਸੂ ਸੂਝਵਾਨ ਅਤੇ ਅਗਾਂਹਵਧੂ ਕਿਸਮ ਦਾ ਮਿਹਨਤਕਸ਼ ਇਨਸਾਨ ਸੀ । ਗੋਬਿੰਦ ਅਤੇ ਉਸ ਦੀ ਪਤਨੀ ਕੁਝ ਸਮਾਂ ਸੁਆਮੀ ਦਇਆਨੰਦ ਦੇ ਨਾਲ ਰਹੇ ਅਤੇ ਵੱਖੋ-ਵੱਖਰੇ ਵਿਸ਼ਿਆਂ 'ਤੇ ਉਹਨਾਂ ਨਾਲ ਵਿਚਾਰ-ਚਰਚਾਵਾਂ ਕਰਨ ਦਾ ਹੀਲਾ-ਵਸੀਲਾ ਬਣਿਆ । ਉਸ ਸਮੇਂ ਦੌਰਾਨ ਘੋਰ ਕੱਟੜਵਾਦੀ ਬ੍ਰਾਹਮਣਵਾਦੀ ਅਨਸਰਾਂ ਦੇ ਨਾਲੋਂ ਸੁਆਮੀ ਦਇਆਨੰਦ ਵਿਚ ਤਰਕ ਅਤੇ ਸੰਵਾਦ ਦੀ ਕੁਝ ਗੁੰਜਾਇਸ਼ ਫੇਰ ਵੀ ਰਹੀ ਸੀ ।

ਉਹਨਾਂ ਤੋਂ ਪ੍ਰੇਰਨਾ ਲੈ ਕੇ ਗੋਬਿੰਦ ਨੇ ਆਪਣੇ ਬੰਧੂਆ ਮਜ਼ਦੂਰ ਵਾਲੇ ਕੰਮ-ਕਾਰ ਤੋਂ ਛੁਟਕਾਰਾ ਪਾ ਕੇ ਆਪਣਾ ਸਾਰਾ ਧਿਆਨ ਬੰਜਾਰਾ ਤੇ ਭੀਲ ਕਬੀਲਿਆਂ 'ਚ ਨਸ਼ਿਆਂ ਦੀ ਭੈੜੀ ਬਿਮਾਰੀ ਖਿਲਾਫ ਤੇ ਮਾਸਾਹਾਰ ਛੱਡ ਕੇ ਸਾਕਾਹਾਰੀ ਭੋਜਨ ਗ੍ਰਹਿਣ ਕਰਨ ਦਾ ਪ੍ਰਚਾਰ 'ਤੇ ਲਗਾਉਣਾ ਸ਼ਰੂ ਕਰ ਦਿੱਤਾ । ਇਸ ਕਾਰਜ ਵਿਚ ਉਸ ਦੀ ਪਤਨੀ ਵੀ ਉਸ ਦੀ ਸਹਾਇਕ ਬਣ ਗਈ । ਇਹ 1903 ਈਸਵੀ ਦੇ ਨੇੜੇ-ਤੇੜੇ ਦਾ ਸਮਾਂ ਸੀ।

ਬੰਜਾਰੇ ਗੋਬਿੰਦ ਦੀ ਸੂਝ-ਬੂਝ ਅਤੇ ਸਿਆਣਪ-ਨਿਮਰਤਾ ਕਰਕੇ ਉਸ ਦੇ ਸਮਝਾਉਣ ਦੇ ਢੰਗ ਕਰਕੇ ਸਥਾਨਕ ਆਦਿਵਾਸੀ-ਕਬਾਇਲੀ, ਗਰੀਬ ਅਖੌਤੀ ਨਿਮਨ ਜਾਤ ਮਿਹਨਤਕਸ਼ ਲੋਕ ਲਗਾਤਾਰ ਉਸ ਦੇ ਪ੍ਰਭਾਵ ਹੇਠ ਆਉਣ ਲੱਗੇ ਅਤੇ ਭੀਲ ਕਬੀਲਾ ਖਾਸ ਤੌਰ 'ਤੇ ਉਸ ਤੋਂ ਪ੍ਰਭਾਵਿਤ ਹੋਇਆ ।

ਸਾਬਕਾ ਬੰਧੂਆ ਮਜ਼ਦੂਰ ਗੋਬਿੰਦ ਬੰਜਾਰਾ ਹੁਣ ਗੋਬਿੰਦ ਗੁਰੂ ਦੇ ਇੱਜ਼ਤਦਾਰ ਨਾਂਅ ਨਾਲ ਜਾਣਿਆ ਜਾਣ ਲੱਗਾ। ਉਸ ਨੇ ਵੀ ਆਪਣਾ ਕਾਰਜ ਖੇਤਰ ਸ਼ਰਾਬ ਵਿਰੋਧੀ ਅਭਿਆਨ ਅਤੇ ਸਾਕਾਹਾਰ ਪੱਖੀ ਅਭਿਆਨ ਦੇ ਨਾਲ-ਨਾਲ, ਉੱਚ ਜਾਤ ਲੋਕਾਂ ਹੱਥੋਂ ਮਜ਼ਦੂਰ ਭੀਲਾਂ ਦੀ ਲੁੱਟ-ਖਸੁੱਟ, ਬੰਧੂਆ ਮਜ਼ਦੂਰੀ ਦੀਆਂ ਜ਼ਾਲਮਾਨਾ ਰਵਾਇਤਾਂ, ਮਹਿੰਗੀਆਂ ਵਿਆਜ ਦਰਾਂ, ਲੱਕ-ਤੋੜੂ ਖੇਤੀ ਟੈਕਸਾਂ ਖਿਲਾਫ ਸੰਘਰਸ਼ ਤੱਕ ਵਧਾ ਲਿਆ ।

ਕੋਈ ਵੀ ਸੱਚਾ-ਸੁੱਚਾ ਤੇ ਇਮਾਨਦਾਰ ਸ਼ਖਸ, ਜੋ ਕਿਸੇ ਵੀ ਇੱਕ ਬੁਰਾਈ ਖਿਲਾਫ ਸੰਘਰਸ਼ ਸ਼ੁਰੂ ਕਰਦਾ ਹੈ, ਅਕਸਰ ਹੀ ਉਸੇ ਬੁਰਾਈ ਖਿਲਾਫ ਲੜਾਈ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਲੜਾਈ ਜੇਕਰ ਸੱਚਮੁੱਚ ਹੱਕ-ਸੱਚ ਦੀ ਹੈ ਤਾਂ ਉਸ ਦੇ ਕਾਰਜ ਖੇਤਰ ਇਲਾਕੇ 'ਚ ਹੋ ਰਹੇ ਦੂਸਰੇ ਜ਼ਲਮਾਂ ਖਿਲਾਫ, ਸਮਾਜਿਕ ਦਾਬੇ ਖਿਲਾਫ ਸੰਘਰਸ਼ਾਂ ਵੱਲ ਮੁੜਦੀ ਹੋਈ,

7-DEC-PAGE-5.qxd 12/6/2022 10:43 PM Page 1

ਥਰਮਲ ਮੈਨੇਜਮੈਂਟ ਤੋਂ ਖਫ਼ਾ ਠੇਕਾ ਮੁਲਾਜ਼ਮਾਂ ਨੇ ਮੁੱਖ ਗੇਟ ਜਾਮ ਕਰਕੇ ਦਿੱਤਾ ਧਰਨਾ

ਥਰਮਲ ਲਹਿਰਾ ਦੇ ਆਊਟਸੋਰਸਡ ਠੇਕਾ ਮੁਲਾਜ਼ਮ ਥਰਮਲ ਗੇਟ ਨੂੰ ਮੁਕੰਮਲ ਜਾਮ ਕਰਕੇ ਧਰਨਾ ਦਿੰਦੇ ਹੋਏ।

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)- ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਬੈਨਰ ਹੇਠ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਆਪਣੇ ਪਰਿਵਾਰਾਂ ਸਮੇਤ ਥਰਮਲ ਦੇ ਮੇਨ ਗੇਟ ਨੂੰ ਮੁਕੰਮਲ ਜਾਮ ਕਰਕੇ ਰੋਸ ਧਰਨਾ ਦਿੱਤਾ। ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ ਤੇ ਬਲਜਿੰਦਰ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਵਿੱਚ ਬਾਹਰੋਂ ਸਿੱਧੀ ਭਰਤੀ ਤੋਂ ਪਹਿਲਾਂ ਥਰਮਲ ਦੇ ਠੇਕਾ ਮੁਲਾਜ਼ਮਾਂ ਨੂੰ ਪਾਵਰਕਾਮ ਵਿੱਚ ਪੱਕਾ ਭਰਤੀ ਕਰਨ ਸਮੇਤ ਹੋਰਨਾਂ ਮੰਗਾਂ ਨੂੰ ਲੈ ਕੇ 15 ਤੇ 16 ਨਵੰਬਰ ਨੂੰ ਦਿੱਤੇ ਗਏ ਦੋ ਰੋਜ਼ਾ ਰੋਸ ਧਰਨੇ ਦੌਰਾਨ ਥਰਮਲ ਮੈਨੇਜਮੈਂਟ ਨੇ ਜਥੇਬੰਦੀ ਨਾਲ਼ ਹੋਈਆਂ ਮੀਟਿੰਗਾਂ ਵਿੱਚ ਸਮੂਹ ਮੰਗਾਂ 'ਤੇ ਸਹਿਮਤੀ ਜਤਾਉਣ ਦੇ ਨਾਲ਼-ਨਾਲ਼ ਥਰਮਲ ਦੇ ਠੇਕਾ ਮੁਲਾਜ਼ਮਾਂ ਵੱਲੋਂ ਦਿੱਤੀ 15-16 ਨਵੰਬਰ ਦੀ ਸਮੂਹਿਕ ਛੁੱਟੀ ਨੂੰ ਹਾਜ਼ਰੀ ਵਿੱਚ ਤਬਦੀਲ ਕਰਨ ਦਾ ਵੀ ਵਾਅਦਾ ਕੀਤਾ ਸੀ, ਪ੍ਰੰਤੂ ਹੁਣ ਥਰਮਲ ਮੈਨੇਜਮੈਂਟ ਵਾਅਦੇ ਤੋਂ ਭੱਜ ਰਹੀ ਹੈ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੋ ਚੋਣਾਂ ਤੋਂ ਪਹਿਲਾਂ ਆਪਣੇ ਬਿਆਨਾਂ ਵਿੱਚ ਅਕਸਰ ਕਹਿੰਦੇ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕੀਤਾ ਜਾਵੇਗਾ, ਕਿਸੇ ਵੀ ਵਰਗ ਨੂੰ ਧਰਨੇ ਦੇਣ ਦੀ ਜ਼ਰੂਰਤ ਨਹੀਂ ਪਵੇਗੀ, ਕਿਸੇ ਦੀ ਵੀ ਪੱਗ-ਚੁੰਨੀ ਨਹੀਂ ਲੱਥੇਗੀ ਤੇ ਸਭਨਾਂ ਵਰਗਾਂ ਦੇ ਮਸਲੇ ਗੱਲਬਾਤ-ਮੀਟਿੰਗਾਂ ਕਰਕੇ ਹੱਲ ਕੀਤੇ ਜਾਣਗੇ ਅਤੇ ਸਰਕਾਰ ਪਿੰਡਾਂ ਵਿੱਚੋਂ ਚੱਲੇਗੀ, ਪ੍ਰੰਤੂ ਅੱਜ ਸਭ ਕੁੱਝ ਮੁੱਖ ਮੰਤਰੀ ਦੇ ਬਿਆਨਾਂ ਤੋਂ ਬਿਲਕੁੱਲ ਉਲਟ ਹੋ ਰਿਹਾ ਹੈ। ਵੱਖ-ਵੱਖ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਵੱਲੋਂ ਮੰਤਰੀਆਂ ਤੇ ਵਿਧਾਇਕਾਂ ਨੂੰ ਅਨੇਕਾਂ ਵਾਰ ਮੰਗ ਪੱਤਰ ਦੇਣ ਤੇ ਲਗਾਤਾਰ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਉਪਰੰਤ ਵੀ ਮੁੱਖ ਮੰਤਰੀ ਪੰਜਾਬ ਮੀਟਿੰਗਾਂ ਕਰਨ ਤੋਂ ਲਗਾਤਾਰ ਭੱਜ ਰਹੇ ਹਨ। ਉਗਰਾਹਾਂ ਆਗੂ ਹੁਸ਼ਿਆਰ ਸਿੰਘ, ਬਸੰਤ ਸਿੰਘ ਕੋਠਾ ਗੁਰੂ ਤੇ ਕਰਮਜੀਤ ਕੌਰ, ਪੀ. ਐੱਸ. ਪੀ. ਸੀ. ਐੱਲ. ਅਤੇ ਪੀ. ਐੱਸ. ਟੀ. ਸੀ. ਐੱਲ. ਕੰਟਰੈਕਚੂਅਲ ਵਰਕਰਜ਼ ਯੂਨੀਅਨ ਦੇ ਸੂਬਾ ਆਗੂ ਗੁਰਵਿੰਦਰ ਸਿੰਘ ਪੰਨੂੰ, ਟੀ. ਐੱਸ. ਯੂ. (ਭੰਗਲ) ਸਤਿੰਦਰ ਸਿੰਘ ਸੋਨੀ ਸਮੇਤ ਹੋਰ ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਬਾਹਰੋਂ ਸਿੱਧੀ ਭਰਤੀ ਕਰਨ ਤੋਂ ਪਹਿਲਾਂ ਪਾਵਰਕਾਮ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਪੱਕਾ ਕੀਤਾ ਜਾਵੇ, ਲੇਬਰ ਐਕਟ 1948 ਦੇ ਫਾਰਮੂਲੇ ਮੁਤਾਬਿਕ ਅਣ-ਸਿੱਖਿਅਤ ਠੇਕਾ ਮੁਲਾਜ਼ਮ ਦੀ ਤਨਖ਼ਾਹ ਘੱਟੋ-ਘੱਟ 25 ਹਜ਼ਾਰ ਰੁਪਏ ਨਿਸਚਤ ਕੀਤੀ ਜਾਵੇ, ਡਿਊਟੀ ਦੌਰਾਨ ਆਪਣੀ ਜਾਨ ਗਵਾ ਚੁੱਕੇ ਠੇਕਾ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਨੌਕਰੀ ਦਿੱਤੀ ਜਾਵੇ, ਵਧੇ ਹੋਏ ਮਿਨੀਮਮ ਰੇਟਾਂ ਦਾ ਬਕਾਇਆ ਜਲਦ ਦਿੱਤਾ ਜਾਵੇ, 15-16 ਨਵੰਬਰ ਦੀ ਸਮੂਹਿਕ ਛੁੱਟੀ ਨੂੰ ਹਾਜ਼ਰੀ ਵਿੱਚ ਤਬਦੀਲ ਕੀਤਾ ਜਾਵੇ।

5 ਸੋਨੇ ਦੀਆਂ ਚੈਨਾਂ ਤੇ 2 ਮੋਟਰਸਾਈਕਲਾਂ ਸਮੇਤ 5 ਗ੍ਰਿਫ਼ਤਾਰ

ਸੰਗਰੂਰ (ਪ੍ਰਵੀਨ)-ਸ੍ਰੀ ਸੁਰਿੰਦਰ ਲਾਂਬਾ ਐਸ.ਐਸ.ਪੀ. ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਲੁੱਟਾਂ ਖੋਹਾਂ ਕਰਨ ਵਾਲੇ ਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਸੰਗਰੂਰ ਵਿਖੇ ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦੇ 05 ਮੈਂਬਰ ਗ੍ਰਿਫਤਾਰ ਕੀਤੇ ਤੇ 05 ਸੋਨੇ ਦੀਆਂ ਚੈਨਾਂ ਤੇ 02 ਮੋਟਰਸਾਈਕਲ ਬ੍ਰਾਮਦ ਕੀਤੇ।

ਸ੍ਰੀ ਸੁਰਿੰਦਰ ਲਾਂਬਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ੍ਰੀ ਕਰਨ ਸੰਧੂ ਪੀ.ਪੀ.ਐੱਸ. ਉਪ-ਕਪਤਾਨ ਪੁਲਸ (ਡਿਟੈਕਟਿਵ) ਸੰਗਰੂਰ ਦੀ ਯੋਗ ਅਗਵਾਈ ਹੇਠ ਥਾਣਾ ਸਿਟੀ ਸੰਗਰੂਰ ਦੀ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਸਬ: ਬਾਦਲ ਸਿੰਘ 2171 ਸੰਗਰੂਰ ਥਾਣਾ ਸਿਟੀ ਸੰਗਰੂਰ ਵੱਲੋਂ ਸਮੇਤ ਪੁਲਸ ਪਾਰਟੀ ਦੇ ਮੁਖਬਰੀ 'ਤੇ ਨਾਕਾਬੰਦੀ ਦੌਰਾਨ ਨਾਭਾ ਰੋਡ ਮਾਈ (ਭਵਾਨੀਗੜ੍ਹ), ਬੱਸ ਸਟੈਂਡ ਭਵਾਨੀਗੜ੍ਹ ਤੇ ਨੇੜੇ ਨਾਨਕਿਆਣਾ ਚੌਕ ਸੰਗਰੂਰ ਤੋਂ ਰਾਊਂਡਅੱਪ ਕਰਕੇ ਨਿਮਨ ਲਿਖਤ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰੋਵਰ ਸਿੰਘ ਉਰਫ ਲਵਲੀ ਪੁੱਤਰ ਜਤਿਅਦਰ ਸਿੰਘ ਵਾਸੀ ਰੋਹਟੀ ਬਸਤਾ ਥਾਣਾ ਸਦਰ ਨਾਭਾ, ਜ਼ਿਲ੍ਹਾ-ਪਟਿਆਲਾ, ਜਸਵਿੰਦਰ ਸਿੰਘ ਉਰਫ ਜਤਿਨ ਪੁੱਤਰ ਮਨਜੀਤ ਸਿੰਘ ਵਾਸੀ ਬੌੜਾਂ ਗੇਟ, ਨਾਭਾ ਭੁਪਿੰਦਰ ਸਿੰਘ ਉਰਫ ਬਿੱਟੂ ਪੁੱਤਰ ਬਲਵੀਰ ਸਿੰਘ ਵਾਸੀ ਬੌੜਾਂ ਗੇਟ ਨਾਭਾ, ਗੁਰਪ੍ਰੀਤ ਸਿੰਘ ਉਰਫ ਬੱਬਰ ਪੁੱਤਰ ਬਿੰਦਰ ਸਿੰਘ ਵਾਸੀ ਬੌੜਾਂ ਗੇਟ, ਨਾਭਾ, ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਗੁਰਦੀਪ ਸਿੰਘ ਵਾਸੀ ਥੋੜਾਂ ਗੇਟ, ਨਾਭਾ ਦੌਰਾਨੇ ਤਫਤੀਸ਼ ਦੋਸ਼ੀਆਂ ਪਾਸੋਂ 05 ਚੈਨੀਆਂ ਸੋਨਾ ਬਰਾਮਦ ਕੀਤੀਆਂ ਹਨ। ਇਸ ਤੋਂ ਇਲਾਵਾ ਮੁਲਜ਼ਮਾਂ ਪਾਸੋਂ 02 ਚੋਰੀ-ਸ਼ੁਦਾ ਮੋਟਰਸਾਈਕਲ ਬ੍ਰਾਮਦ ਕਰਵਾਏ, ਜਿਸ ਸਬੰਧੀ ਮੁਕਦਮਾ ਨੰਬਰ 263 ਮਿਤੀ 03:12,2022 ਅ/ਧ 379 ਹਿੰ:ਦੰ: ਥਾਣਾ ਸਿਟੀ ਸੰਗਰੂਰ ਦਰਜ ਹਨ। ਕਥਿਤ ਦੋਸ਼ੀਆਂ ਤੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜੋ ਅੱਜ ਮਿਤੀ 06-12-2022 ਨੂੰ ਪੇਸ਼ ਅਦਾਲਤ ਕਰਕੇ ਦੋਸ਼ੀਆਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਉਨ੍ਹਾਂ ਵੱਲੋਂ ਹੋਰ ਵਾਰਦਾਤਾਂ ਸਬੰਧੀ ਪੁੱਛ ਗਿੱਛ ਕੀਤੀ ਜਾਵੇਗੀ।

ਦੁਤਾਲ ਦੇ ਛੱਪੜ ਦੀ ਜ਼ਮੀਨ ਤੋਂ ਨਜਾਇਜ਼ ਕਬਜ਼ਾ ਛੁਡਵਾਇਆ

- ਕਾਬਜ਼ ਧਿਰ ਵੱਲੋਂ ਧੱਕੇਸ਼ਾਹੀ ਦੇ ਦੋਸ਼
- ਕਾਰਵਾਈ ਨਿਯਮਾਂ ਮੁਤਾਬਕ ਹੋਈ : ਬੀ ਡੀ ਪੀ ਓ

ਛੱਪੜ ਦੀ ਜ਼ਮੀਨ ਤੋਂ ਕਬਜ਼ਾ ਛੁਡਵਾਉਣ ਦੀ ਕਾਰਵਾਈ ਦਾ ਦ੍ਰਿਸ਼ ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਦੁਤਾਲ ਵਿਖੇ ਪਿਛਲੇ ਕਈ ਸਾਲਾਂ ਤੋਂ ਛੱਪੜ ਦੀ ਜ਼ਮੀਨ ਉੱਤੇ ਪਿੰਡ ਦੇ ਹੀ ਕੁਝ ਵਿਅਕਤੀਆਂ ਵੱਲੋਂ ਕੀਤੇ ਗਏ ਨਜਾਇਜ਼ ਕਬਜ਼ੇ ਨੂੰ ਪ੍ਰਸ਼ਾਸਨ ਨੇ ਛੁਡਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਉਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਤੜਾਂ ਕ੍ਰਿਸ਼ਨ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ ਕਬਜ਼ਾ ਕਾਰਵਾਈ ਦੌਰਾਨ ਡਿਊਟੀ ਮੈਜਿਸਟ੍ਰੇਟ ਕਮ ਨਾਇਬ ਤਹਿਸੀਲਦਾਰ ਪਾਤੜਾਂ ਭੀਮ ਸੈਨ ਦੀ ਮੌਜੂਦਗੀ ਵਿੱਚ ਪੰਚਾਇਤ ਵਿਭਾਗ ਨੇ ਕਬਜ਼ਾ ਕਾਰਵਾਈ ਨੂੰ ਮਕੁੰਮਲ ਕੀਤਾ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਥਾਣਾ ਮੁਖੀ ਪਾਤੜਾਂ ਹਰਮਿੰਦਰ ਸਿੰਘ ਤੇ ਸਿਟੀ ਪੁਲਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਦੀ ਅਗਵਾਈ ਵਿੱਚ ਪੁਲਸ ਫੋਰਸ ਤਾਇਨਾਤ ਕੀਤੀ ਗਈ ਸੀ।

ਗ੍ਰਾਮ ਪੰਚਾਇਤ ਦੁਤਾਲ ਦੇ ਸਰਪੰਚ ਮਾਲਕ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰੀਬ ਦੋ ਦਹਾਕੇ ਪਹਿਲਾਂ ਤੱਕ ਪਿੰਡ ਦੇ ਬਾਹਰ ਵਾਰ ਛੱਪੜ ਸੀ, ਪਰ ਸਮੇਂ ਦੇ ਨਾਲ ਨਾਲ ਪਾਣੀ ਘੱਟਣ ਕਰਕੇ ਵਿਹਲੀ ਪਈ ਇਸ ਜ਼ਮੀਨ 'ਤੇ ਪਿੰਡ ਵਾਸੀ ਅਮਰੀਕ ਸਿੰਘ, ਨਿਰਵੈਰ ਸਿੰਘ, ਨਿਰਮਲ ਸਿੰਘ ਤੇ ਝਿਰਮਲ ਸਿੰਘ, ਜਿਨ੍ਹਾਂ ਦੀ ਇਸ ਪੰਚਾਇਤੀ ਜ਼ਮੀਨ ਦੇ ਨਾਲ ਆਪਣੀ ਨਿੱਜੀ ਜ਼ਮੀਨ ਲੱਗਦੀ ਸੀ, ਨੇ ਇਸ ਖਾਲੀ ਪਈ ਜ਼ਮੀਨ ਵਿੱਚ ਮਿੱਟੀ ਪਾ ਕੇ ਇਸ ਵਿੱਚ ਫਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਾਉਣ ਦੀ ਮੁਹਿੰਮ ਤਹਿਤ ਗ੍ਰਾਮ ਪੰਚਾਇਤ ਦੁਤਾਲ ਵੱਲੋਂ ਵੀ ਇਸ ਜ਼ਮੀਨ ਨੂੰ ਛੁਡਾਉਣ ਦੀ ਕਾਰਵਾਈ ਆਰੰਭ ਕੀਤੀ ਗਈ ਸੀ, ਜਿਸ ਦੇ ਤਹਿਤ ਪੰਚਾਇਤ ਵਿਭਾਗ ਵੱਲੋਂ ਉਕਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਦੂਜੇ ਪਾਸੇ ਕਾਬਜ਼ ਧਿਰ ਦੀ ਅਗਵਾਈ ਕਰ ਰਹੇ ਨਿਰਵੈਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਜ਼ਮੀਨ ਉਤੇ ਖੇਤੀ ਕਰਦਾ ਆ ਰਿਹਾ ਹੈ ਤੇ ਇਸ ਸਬੰਧੀ ਮਾਣਯੋਗ ਅਦਾਲਤ ਵੱਲੋਂ ਸਟੇਅ ਆਰਡਰ ਜਾਰੀ ਕੀਤੇ ਗਏ ਹਨ। ਅਦਾਲਤੀ ਹੁਕਮਾਂ ਤੇ ਬਾਵਜੂਦ ਪੰਚਾਇਤ ਵਿਭਾਗ ਨੇ ਧੱਕਾ ਕੀਤਾ ਹੈ। ਉਨ੍ਹਾਂ ਸਰਪੰਚ ਮਾਲਕ ਸਿੰਘ ਤੇ ਚਕੌਤਾ ਹੱੜਪ ਕੀਤੇ ਜਾਣ ਦੇ ਦੋਸ਼ ਲਗਾਏ ਹਨ। ਇਸ ਮਾਮਲੇ ਸਬੰਧੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਤੜਾਂ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਕਬਜ਼ਾ ਕਾਰਵਾਈ ਦੌਰਾਨ 29 ਕਨਾਲ 9 ਮਰਲੇ ਜ਼ਮੀਨ ਦਾ ਕਬਜ਼ਾ ਛੁਡਵਾਇਆ ਗਿਆ ਹੈ। ਉਨ੍ਹਾਂ ਕਾਬਜ਼ ਧਿਰ ਵੱਲੋਂ ਧੱਕੇਸ਼ਾਹੀ ਦੇ ਲਗਾਏ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਸਾਰੀ ਕਾਰਵਾਈ ਨਿਯਮਾਂ ਮੁਤਾਬਿਕ ਅਮਲ ਵਿੱਚ ਲਿਆਂਦੀ ਗਈ ਹੈ।

ਕਿਰਤੀ ਕਿਸਾਨ ਯੂਨੀਅਨ ਨੇ ਕਬਜ਼ਾ ਛੁਡਵਾਉਣ ਆਏ ਅਧਿਕਾਰੀਆਂ ਨੂੰ ਬੇਰੰਗ ਮੋੜਿਆ

ਜਾਣਕਾਰੀ ਦਿੰਦੇ ਯੂਨੀਅਨ ਆਗੂ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)- ਕਿਰਤੀ ਕਿਸਾਨ ਯੂਨੀਅਨ ਨੇ ਪਿੰਡ ਚੋਟੀਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਆਬਾਦਕਾਰਾਂ ਤੋਂ ਕਬਜ਼ਾ ਛੁਡਵਾਉਣ ਦੀ ਕਾਰਵਾਈ ਕਰਨ ਆਏ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮੌਕੇ 'ਤੇ ਪਹੁੰਚ ਕੇ ਬੇਰੰਗ ਵਾਪਸ ਭੇਜਿਆ। ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਸਕੱਤਰ ਬਲਜੀਤ ਸਿੰਘ ਲੰਡੇ ਰੋਡੇ ਤੇ ਯੂਥ ਵਿੰਗ ਦੇ ਸੂਬਾ ਆਗੂ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਆਬਾਦਕਾਰਾਂ ਦੇ ਨਾਲ ਉਨਾਂ ਦੀਆਂ ਜ਼ਮੀਨਾਂ ਬਚਾਉਣ ਲਈ ਚਟਾਨ ਵਾਂਗ ਖੜੀ ਹੈ, ਕਿਉਂਕਿ ਪਿਛਲੇ ਕਈ ਦਹਾਕਿਆਂ ਤੋਂ ਬੜੀ ਮਿਹਨਤ ਨਾਲ ਉਹਨਾਂ ਨੇ ਜ਼ਮੀਨਾਂ ਨੂੰ ਆਬਾਦ ਕੀਤਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਪੰਜਾਬ ਵਿਲੇਜ ਕਾਮਨ ਲੈਂਡ ਐਕਟ ਵਿੱਚ ਸੋਧ ਕੀਤੀ ਹੈ ਤਾਂ ਜੋ ਆਬਾਦਕਾਰਾਂ ਤੋਂ ਜ਼ਮੀਨਾਂ ਖੋਹ ਕੇ ਪੰਚਾਇਤਾਂ ਰਾਹੀਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੀਆ ਜਾ ਸਕਣ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਧੱਕੇ ਨਾਲ ਗਰੀਬ ਕਿਸਾਨਾਂ ਦੀਆਂ ਜਮੀਨਾਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇਗੀ ਤਾ ਕਿਰਤੀ ਕਿਸਾਨ ਯੂਨੀਅਨ ਸਰਕਾਰ ਦੇ ਖਿਲਾਫ ਤਿੱਖਾ ਸੰਘਰਸ ਵਿੱਢੇਗੀ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਐਕਟ ਵਿਚ ਕੀਤੀ ਗਈ ਸੋਧ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕੋਟਲੀ ਸੰਘਰ, ਗਿੰਦੜਬਾਹਾ ਬਲਾਕ ਪ੍ਰਧਾਨ ਜਗਮੀਤ ਸਿੰਘ ਕੋਟਲੀਅਬਲੂ, ਰਣਜੀਤ ਸਿੰਘ ਝਬੇਲਵਾਲੀ ਤੇ ਪਿੰਡ ਇਕਾਈ ਦੇ ਪ੍ਰਧਾਨ ਤਰਸੇਮ ਸਿੰਘ ਸੇਮਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਆਰ ਐੱਮ ਪੀ ਆਈ ਨੇ 'ਪ੍ਰਤਿੱਗਿਆ ਦਿਹਾੜੇ' ਵਜੋਂ ਮਨਾਇਆ ਡਾ. ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ

ਧਰਮ ਨਿਰਪੱਖਤਾ, ਸੰਵਿਧਾਨਕ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਜੂਝਣ ਦਾ ਦਿੱਤਾ ਸੱਦਾ

ਬਠਿੰਡਾ (ਪਰਵਿੰਦਰ ਜੀਤ ਸਿੰਘ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਕੇਂਦਰੀ ਕਮੇਟੀ ਦੇ ਸੱਦੇ ਤਹਿਤ ਪਾਰਟੀ ਦੀ ਬਠਿੰਡਾ ਜ਼ਿਲ੍ਹਾ ਕਮੇਟੀ ਵੱਲੋਂ ਭਾਰਤ ਦੀ ਸੰਵਿਧਾਨ ਘੜਣੀ ਸਭਾ ਦੇ ਮੁਖੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 'ਪ੍ਰੀ ਨਿਰਵਾਣ ਦਿਹਾੜਾ' ਡੀ ਸੀ ਦਫਤਰ ਨੇੜਲੀ ਅੰਬੇਡਕਰ ਪਾਰਕ ਵਿਖੇ "ਧਰਮ ਨਿਰਪੱਖਤਾ, ਸੰਵਿਧਾਨਕ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸਮਾਜਿਕ ਨਿਆਂ ਦੀ ਪ੍ਰਾਪਤੀ ਦੇ ਸੰਘਰਸ਼ ਤਿੱਖੇ ਤੋਂ ਤਿਖੇਰੇ ਕਰਨ ਲਈ ਪ੍ਰਤਿਗਿਆ ਦਿਵਸ' ਵਜੋਂ ਪ੍ਰਭਾਵਸ਼ਾਲੀ ਇਕੱਠ ਕਰਕੇ ਮਨਾਇਆ ਗਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹ

page-6-7-(DEC)-2022-G-(BV).qxd 12/6/2022 10:35 PM Page 1

ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ 31 ਮਾਰਚ ਤੱਕ ਤਿਆਰ ਹੋਵੇਗੀ : ਧਾਲੀਵਾਲ

ਪੰਜਾਬ ਦੀਆਂ ਫਸਲਾਂ, ਪਾਣੀ, ਮਿੱਟੀ ਅਤੇ ਵਾਤਾਵਰਣ 'ਤੇ ਵੱਖ-ਵੱਖ ਕਾਨਫਰੰਸਾਂ ਕਰਨ ਦਾ ਐਲਾਨ

ਚੰਡੀਗੜ੍ਹ, (ਗੁਰਜੀਤ ਬਿੱਲਾ) ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਤੀਬਾੜੀ ਦੀ ਵਿਵਸਥਾ ਵਿੱਚ ਸੁਧਾਰ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸੇ ਦਿਸ਼ਾ 'ਚ ਅੱਗੇ ਵਧਦਿਆਂ 31 ਮਾਰਚ, 2023 ਤੱਕ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਨਵੀਂ ਖੇਤੀਬਾੜੀ ਨੀਤੀ ਪੰਜਾਬ ਦੀ ਭੂਗੋਲਿਕ ਸਥਿਤੀ, ਮਿੱਟੀ ਦੀ ਸਿਹਤ, ਫਸਲਾਂ ਤੇ ਪਾਣੀ ਦੀ ਉਪਲੱਬਧਤਾ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਜਾਵੇਗੀ, ਜਿਸ ਲਈ ਪ੍ਰਸਿੱਧ ਖੇਤੀਬਾੜੀ ਵਿਗਿਆਨੀਆਂ, ਮਾਹਰਾਂ ਤੇ ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰੇ ਕੀਤੇ ਜਾ ਰਹੇ ਹਨ। ਧਾਲੀਵਾਲ ਨੇ ਅੱਜ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵੱਲੋਂ 'ਪੰਜਾਬ ਦਾ ਖੇਤੀ ਵਿਕਾਸ ਮਾਡਲ - ਕੁੱਝ ਨੀਤੀਗਤ ਮੁੱਦੇ 'ਵਿਸ਼ੇ 'ਤੇ ਕਰਵਾਈ ਗਈ ਕਿਸਾਨ ਗੋਸ਼ਟੀ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ ਤੇ ਗਲਤ ਨੀਤੀਆਂ ਕਾਰਨ ਪੰਜਾਬ ਦਾ ਸ਼ੁੱਧ ਪਾਣੀ, ਸ਼ੁੱਧ ਹਵਾ ਤੇ ਵਾਤਾਵਰਣ ਅਤੇ ਸਿਹਤਮੰਦ ਉਪਜਾਊ ਭੂਮੀ ਹੁਣ ਦੂਸ਼ਤ ਪਾਣੀ, ਜ਼ਹਿਰੀਲੀ ਹਵਾ ਅਤੇ ਗੈਰ-ਉਪਜਾਊ ਭੂਮੀ ਵਿੱਚ ਬਦਲ ਰਹੀ ਹੈ, ਜਿਸ ਨੂੰ ਸਾਫ ਨੀਤੀ ਤੇ ਨੀਅਤ ਨਾਲ ਬਦਲਣ ਦੀ ਜ਼ਰੂਰਤ ਹੈ।

ਕੁਦਰਤੀ ਖੇਤੀ ਲਈ ਵੱਖਰੀ ਨੀਤੀ ਬਣਾਉਣ ਦਾ ਐਲਾਨ ਕਰਦਿਆਂ ਖੇਤੀ ਮੰਤਰੀ ਨੇ ਕਿਹਾ ਕਿ ਖੇਤੀ ਵਿੱਚ ਰਸਾਇਣਿਕ ਖਾਦਾਂ, ਨਦੀਨ ਨਾਸ਼ਕਾਂ ਅਤੇ ਕੀਟ ਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਕਾਰਨ ਲੋਕਾਂ ਨੂੰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਹਿਲਾਂ ਵਾਲੀ ਸਥਿਤੀ ਵਿੱਚ ਲਿਆਉਣ ਲਈ ਕੁਦਰਤੀ ਖੇਤੀ ਦੇ ਆਪਣੀ ਆਬੋ-ਹਵਾ ਅਨੁਸਾਰ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੇਤੀ ਸਿਰਫ ਖੇਤੀ ਨਹੀਂ, ਇਹ ਜੀਵਨ ਨਾਲ ਜੁੜਿਆ ਹੋਇਆ ਮੁੱਦਾ ਹੈ। ਉਨ੍ਹਾਂ ਕੋਆਪ੍ਰੇਟਿਵ ਪ੍ਰਣਾਲੀ ਨੂੰ ਆਬਾਦ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਤੀ ਨੂੰ ਜ਼ਰੂਰਤ ਮੁਤਾਬਕ ਕਰਨ ਦੀ ਜ਼ਰੂਰਤ ਹੈ। ਖੇਤੀ ਮੰਤਰੀ ਨੇ ਖੇਤੀ ਵਿੱਚ ਆਏ ਅਸਾਵੇਂਪਣ ਨੂੰ ਦੂਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਖੇਤੀਬਾੜੀ ਨੂੰ ਬਚਾਉਣ ਦੀ ਦਿਸ਼ਾ ਵਿੱਚ ਸਭ ਦੇ ਸਹਿਯੋਗ ਨਾਲ ਅੱਗੇ ਵਧੇਗੀ। ਉਨ੍ਹਾਂ ਕਿਹਾ ਕਿ ਖੇਤੀ ਕਰਨ ਲਈ ਵੱਡੀਆਂ ਮਸ਼ੀਨਾਂ ਖਰੀਦਣ ਦੀ ਥਾਂ ਛੋਟੀਆਂ ਮਸ਼ੀਨਾਂ ਦੀ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਦੀ ਆਰਥਿਕਤਾ 'ਚ ਵੀ ਸੁਧਾਰ ਹੋਵੇਗਾ। ਪੰਜਾਬ ਦੀਆਂ ਫਸਲਾਂ, ਪਾਣੀ ਅਤੇ ਮਿੱਟੀ ਤੇ ਵਾਤਾਵਰਣ ਨੂੰ ਕੇਂਦਰ 'ਚ ਰੱਖ ਕੇ ਵੱਖ-ਵੱਖ ਕਾਨਫਰੰਸਾਂ ਕਰਨ ਦਾ ਐਲਾਨ ਕਰਦਿਆਂ ਉਨ੍ਹਾ ਕਿਹਾ ਸੂਬਾ ਸਰਕਾਰ ਕਿ ਖੇਤੀ ਮਾਹਰਾਂ ਤੇ ਖੇਤੀ ਵਿਗਿਆਨੀਆਂ ਤੇ ਤਜਰਬੇਕਾਰ ਲੋਕਾਂ ਦੀ ਮਦਦ ਨਾਲ ਖੇਤੀ ਖੇਤਰ ਨੂੰ ਮਜ਼ਬੂਤ ਕਰਨ ਦਾ ਹਰ ਸੰਭਵ ਯਤਨ ਕਰੇਗੀ।

ਇਸ ਕਾਨਫਰੰਸ ਮੌਕੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉੱਪ-ਕੁਲਪਤੀ ਡਾ. ਸਤਬੀਰ ਸਿੰਘ ਗੋਸਲ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਗੁਰਵਿੰਦਰ ਸਿੰਘ, ਡਾ. ਦਵਿੰਦਰ ਸ਼ਰਮਾ, ਡਾ. ਗੁਰਕੰਵਲ ਸਿੰਘ, ਪ੍ਰੋਫੈਸਰ ਬਾਵਾ ਸਿੰਘ, ਪ੍ਰਿੰਸੀਪਲ ਸੁੱਚਾ ਸਿੰਘ, ਡਾ. ਕੁਲਦੀਪ ਸਿੰਘ ਆਦਿ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਵਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਸਕੱਤਰ ਅਰਸ਼ਦੀਪ ਸਿੰਘ ਥਿੰਦ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

'ਸਮੈਸ਼ ਹਿੱਟ ਕਾਰਨੀਵਾਲ' ਲੁਧਿਆਣਾ 'ਚ ਉਦਘਾਟਨ ਲਈ ਤਿਆਰ

ਲੁਧਿਆਣਾ : ਭਾਰਤ ਦੇ ਸਭ ਤੋਂ ਮਸ਼ਹੂਰ ਗੇਮਿੰਗ ਅਤੇ ਮਨੋਰੰਜਨ ਕੇਂਦਰਾਂ ਵਿੱਚੋਂ ਇੱਕ ਸਮੈਸ਼ ਹਿੱਟ ਕਾਰਨੀਵਾਲ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਇੱਕ ਮਜ਼ੇਦਾਰ ਅਤੇ ਦਿਲਚਸਪ ਸਮਾਜਿਕ ਅਨੁਭਵ ਵਿੱਚ ਖੇਡਾਂ ਤੇ ਸੰਗੀਤ ਲੈ ਕੇ ਆ ਰਿਹਾ ਹੈ। ਪੰਜਾਬ ਦੇ ਕਈ ਹਿੱਸਿਆਂ ਜਿਵੇਂ ਚੰਡੀਗੜ੍ਹ, ਬਰਨਾਲਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਸਥਾਪਿਤ ਹੋਣ ਤੋਂ ਬਾਅਦ ਸਮੈਸ਼ ਹੁਣ ਲੁਧਿਆਣਾ ਵਿੱਚ ਆਪਣੇ ਤੀਜੇ ਸ਼ਾਨਦਾਰ ਉਦਘਾਟਨ ਲਈ ਤਿਆਰ ਹੈ। ਇਹ ਇੱਕ ਸ਼ਾਨਦਾਰ ਸਮਾਰੋਹ ਹੋਵੇਗਾ ਜੋ ਕਿ ਮਨੋਰੰਜਨ, ਭੋਜਨ, ਖੇਡਾਂ ਅਤੇ ਅਨੰਦ ਨਾਲ ਭਰਪੂਰ ਹੋਵੇਗਾ। ਇਸ ਵਾਰ ਪੇਸ਼ਕਸ਼ਾਂ ਵਿੱਚ ਮਨੋਰੰਜਕ ਅਤੇ ਵਿਲੱਖਣ ਗੇਮਿੰਗ ਜ਼ੋਨ ਹੈ ਜਿਵੇਂ ਪੇਂਟਬਾਲ, ਇੱਕ ਰੋਲਰ ਕੋਸਟਰ, ਏਟੀਵੀ ਬਾਈਕ ਸਵਾਰੀਆਂ ਅਤੇ ਇੱਕ ਜਿਪ ਲਾਈਨ। ਉਨ੍ਹਾਂ ਯਾਦਾਂ ਨੂੰ ਤਾਜ਼ਾ ਕਰਨ ਲਈ ਇਹ ਪਰਿਵਾਰਾਂ ਅਤੇ ਬੱਚਿਆਂ ਲਈ ਇੱਕ ਵਿਲੱਖਣ ਸਮਾਜਿਕ ਕੇਂਦਰ ਹੋਵੇਗਾ। ਸਮੈਸ਼ ਦਾ ਟੀਚਾ ਹਰ ਉਮਰ ਦੇ ਲੋਕਾਂ ਦਾ ਮਨੋਰੰਜਨ ਕਰਨਾ ਹੈ ਜਿਸਦਾ ਉਦੇਸ਼ ਹਰ ਕਿਸੇ ਲਈ ਕੁਝ ਖਾਸ ਪੇਸ਼ ਕਰਨਾ ਹੈ। ਸਮੈਸ਼ ਜਿਸ ਨੂੰ ਦਸ ਸਾਲ ਪਹਿਲਾਂ ਪੇਸ਼ ਕੀਤਾ ਗਿਆ ਸੀ, ਨੇ ਗੇਂਦਬਾਜ਼ੀ, ਵਰਚੁਅਲ ਰਿਐਲਿਟੀ ਗੇਮਿੰਗ, ਖੇਡਾਂ, ਪਾਰਟੀ ਅਤੇ ਬੀਟ-ਡ੍ਰੌਪਿੰਗ ਗੇਮਾਂ ਨੂੰ ਇੱਕ ਜੋਸ਼ੀਲੇ ਜਸ਼ਨ ਵਿੱਚ ਪੂਰੀ ਤਰ੍ਹਾਂ ਜੋੜ ਦਿੱਤਾ ਹੈ। ਸਮੈਸ਼ ਦੇ ਮਾਲਕ ਸ੍ਰੀਪਾਲ ਮੋਰਖੀਆ ਕਹਿੰਦੇ ਹਨ ਕਿ ਖੇਡਾਂ ਦੇ ਮਨੋਰੰਜਨ ਨੂੰ ਮੁੜ ਪਰਿਭਾਸ਼ਿਤ ਕਰਨ ਵਾਲੇ ਵਿਚਾਰਾਂ ਦੇ ਨਾਲ ਸਮੈਸ਼ ਹਰ ਉਮਰ ਲਈ ਇੱਕ ਆਦਰਸ਼ ਸਥਾਨ ਹੈ। ਅਸੀਂ ਇੱਕ ਹੋਰ ਕਾਰਨੀਵਾਲ ਪੇਸ਼ ਕਰਕੇ ਖੁਸ਼ ਹਾਂ। ਪੰਜਾਬੀ ਅਭਿਨੇਤਰੀ ਮੌਂਡੀ ਤੱਖਰ ਇੱਕ ਮੁੱਖ ਮਹਿਮਾਨ ਵਜੋਂ ਇਸ ਕਾਰਨੀਵਾਲ ਵਿੱਚ ਮੌਜੂਦ ਸਨ।

ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਨਾ ਹੋਈਆਂ ਤਾਂ ਸਿੱਖਿਆ ਦਫਤਰ ਦਾ ਘਿਰਾਓ ਕੀਤਾ ਜਾਵੇਗਾ : ਜੀ ਟੀ ਯੂ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ) ਕਪੂਰਥਲਾ ਜਿਲ੍ਹੇ ਅੰਦਰ ਪ੍ਰਾਇਮਰੀ ਅਧਿਆਪਕਾਂ ਦੀਆਂ ਪਿਛਲੇ ਕਾਫੀ ਸਮੇਂ ਤੋਂ ਤਰੱਕੀਆਂ ਨਾ ਹੋਣ ਕਰਕੇ ਉਨ੍ਹਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਗੋਰਮਿੰਟ ਟੀਚਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਥੱਧਨ, ਬਲਜੀਤ ਸਿੰਘ ਟਿੱਬਾ, ਸੁਖਦੇਵ ਸਿੰਘ ਬੂਲਪੁਰ, ਕੰਵਰਦੀਪ ਸਿੰਘ, ਰਣਜੀਤ ਸਿੰਘ ਵਿਰਕ, ਰਾਜੇਸ ਮੈਂਗੀ, ਜੀਵਨਜੋਤ ਸਿੰਘ ਮੱਲ੍ਹੀ, ਪਰਮਜੀਤ ਲਾਲ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪਾਏ ਦਬਾਅ ਕਾਰਨ ਡੀ.ਪੀ.ਆਈ (ਐਲੀਮੈਂਟਰੀ) ਚੰਡੀਗੜ੍ਹ ਵੱਲੋਂ 23-9-2022 ਨੂੰ ਪੰਜਾਬ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੁੰਤ ਤਰੱਕੀਆਂ ਕਰਨ ਸਬੰਧੀ ਚਿੱਠੀ ਜਾਰੀ ਕਰਕੇ ਹਤਾਇਤਾਂ ਦਿੱਤੀਆਂ ਸਨ। ਜਿਸ ਤੋਂ ਬਾਅਦ ਪੰਜਾਬ ਦੇ ਬਹੁਤੇ ਜਿਲ੍ਹਿਆਂ ਵਿੱਚ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਹੋ ਗਈਆਂ ਸਨ ਪਰ ਕਪੂਰਥਲਾ ਜਿਲ੍ਹੇ ਅੰਦਰ ਵਾਰ ਵਾਰ ਮੰਗ ਉਠਾਏ ਜਾਣ ਦੇ ਬਾਵਜੂਦ ਵੀ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਨਹੀਂ ਹੋ ਸਕੀਆਂ। ਆਗੂਆਂ ਨੇ ਦੱਸਿਆ ਕਿ ਈ.ਟੀ.ਟੀ ਅਧਿਆਪਕ ਤੋਂ ਐਚ.ਟੀ, ਐਚ.ਟੀ ਤੋਂ ਸੀ.ਐਚ.ਟੀ ਦੀਆਂ ਤਰੱਕੀਆਂ ਨਾ ਹੋਣ ਕਰਕੇ ਕਪੂਰਥਲਾ ਜਿਲ੍ਹੇ ਦੇ ਅਧਿਆਪਕਾਂ ਦਾ ਸੂਬਾ ਪੱਧਰੀ ਸੀਨੀਆਰਤਾ ਸੂਚੀ ਵਿੱਚ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਆਗੂਆਂ ਨੇ ਕਿਹਾ ਕਿ ਫਿਰੋਜਪੁਰ ਅਤੇ ਹੋਰ ਜਿਲ੍ਹਿਆਂ ਜਿੱਥੇ ਅਧਿਆਪਕਾਂ ਦੀਆਂ ਤਰੱਕੀਆਂ ਸਮੇਂ ਸਿਰ ਹੋਈਆਂ ਸਨ ਉਨ੍ਹਾਂ ਜਿਲ੍ਹਿਆਂ ਦੇ ਅਧਿਆਪਕ ਅੱਜ ਬਲਾਕ ਸਿੱਖਿਆ ਅਫਸਰ ਦੇ ਅਹੁਦੇ 'ਤੇ ਪਹੁੰਚ ਗਏ ਹਨ,ਜਦ ਕਿ ਕਪੂਰਥਲਾ ਜਿਲ੍ਹੇ ਦੇ ਅਧਿਆਪਕ ਅਜੇ ਤੱਕ ਸੀ.ਐਚ.ਟੀ ਵੀ ਨਹੀਂ ਬਣ ਸਕੇ। ਇਸ ਪਿੱਛੇ ਜਿਲ੍ਹਾ ਸਿੱਖਿਆ ਦਫਤਰ ਕਪੂਰਥਲਾ ਦੇ ਕਰਮਚਾਰੀਆਂ ਦੀ ਵੱਡੀ ਅਣਗਹਿਲੀ ਹੈ।

ਇਸ ਮੌਕੇ ਯੂਨੀਅਨ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਇੱਕ ਹਫਤੇ ਦੇ ਅੰਦਰ ਅੰਦਰ ਜਿਲ੍ਹੇ ਅੰਦਰ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਨਾ ਹੋਈਆਂ ਤਾਂ ਸੂਬਾ ਕਮੇਟੀ ਦੀ ਅਗਵਾਈ ਹੇਠ ਜਿਲ੍ਹਾ ਸਿੱਖਿਆ ਦਫਤਰ ਦਾ ਘਿਰਾਓ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਵੱਲੋਂ ਕੌਮਾਂਤਰੀ ਜਥੇਬੰਦੀ ਜੀ-20 ਗਰੁੱਪ ਸੰਮੇਲਨ ਦੀਆਂ ਤਿਆਰੀਆਂ ਦਾ ਜ਼ਮੀਨੀ ਪੱਧਰ 'ਤੇ ਜਾਇਜ਼ਾ

ਐਸ ਏ ਐਸ ਨਗਰ (ਗੁਰਜੀਤ ਬਿੱਲਾ) ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵੱਲੋਂ ਅੱਜ ਕੌਮਾਂਤਰੀ ਜਥੇਬੰਦੀ ਜੀ-20 ਗਰੁੱਪ ਸੰਮੇਲਨ ਅਤੇ ਫਰਵਰੀ ਦੇ ਮਹੀਨੇ ਹੋਣ ਵਾਲੇ ਇਨਵੈਸਟਰ ਸੰਮੇਲਨ ਸੰਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜ਼ਮੀਨੀ ਪੱਧਰ 'ਤੇ ਪਹੁੰਚ ਕੇ ਜਾਇਜ਼ਾ ਲਿਆ ਗਿਆ । ਇਸ ਦੌਰਾਨ ਉਨ੍ਹਾਂ ਸ਼ਹਿਰ ਦੇ ਸੁੰਦਰੀਕਰਨ ਲਈ ਏਅਰਪੋਰਟ ਰੋਡ ਸਮੇਤ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ 'ਤੇ ਕੀਤੀ ਜਾ ਰਹੀ ਸਾਫ-ਸਾਫਾਈ ਅਤੇ ਹੋਰ ਪ੍ਰਬੰਧਾਂ ਦਾ ਮੁਆਇਨਾ ਕੀਤਾ ਅਤੇ ਅਧਿਕਾਰੀਆਂ ਨੂੰ ਸ਼ਹਿਰ ਦੇ ਸੁੰਦਰੀਕਰਨ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ । ਡਿਪਟੀ ਕਮਿਸ਼ਨਰ ਵੱਲੋਂ ਏਅਰਪੋਰਟ ਅਥਾਰਟੀ ਦੇ ਅਧਿਕਾਰੀਆਂ ਨਾਲ ਵੀ ਵੱਖਰੀ ਮੀਟਿੰਗ ਕੀਤੀ ਗਈ ਅਤੇ ਇਨ੍ਹਾਂ ਸਮਾਗਮਾਂ ਸੰਬੰਧੀ ਸਹਿਯੋਗ ਦੀ ਮੰਗ ਕੀਤੀ । ਇਸ ਦੌਰਾਨ ਉਨ੍ਹਾਂ ਗਮਾਡਾ , ਕਾਰਪੋਰੇਸ਼ਨ ਅਤੇ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਵੀ ਬਕਾਇਆ ਕੰਮਾਂ ਨੂੰ ਛੇਤੀ ਹੱਲ ਕਰਨ ਦੇ ਆਦੇਸ਼ ਦਿੱਤੇ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਮੁਹਾਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਚੰਡੀਗੜ੍ਹ ਦੇ ਰਸਤੇ 'ਤੇ ਜੀ-20 ਗਰੁੱਪ ਵਿੱਚ ਸ਼ਾਮਲ ਦੇਸ਼ਾਂ ਦੇ ਝੰਡੇ ਲਗਾਏ ਜਾਣ ਲਈ ਏਅਰਪੋਰਟ ਅਥਾਰਟੀ ਨੂੰ ਪਹਿਲਾਂ ਹੀ ਕਹਿ ਦਿੱਤਾ ਗਿਆ ਹੈ ਜਦਕਿ ਗਮਾਡਾ ਨੂੰ ਏਅਰਪੋਰਟ ਤੋਂ ਚੰਡੀਗੜ੍ਹ ਨੂੰ ਜਾਣ ਵਾਲੇ ਸੜਕੀ ਰਸਤਿਆਂ 'ਤੇ ਚੱਲ ਰਹੇ ਨਿਰਮਾਣ ਕਾਰਜਾਂ ਨੂੰ ਮਿੱਥੇ ਸਮੇਂ ਵਿੱਚ ਪੂਰਾ ਕਰਨ ਲਈ ਪੀ.ਡਬਲਯੂ.ਡੀ ਨੂੰ ਵੀ ਨਿਰਦੇਸ਼ ਦਿੱਤੇ ਗਏ ਹਨ । ਉਨ੍ਹਾਂ ਦੱਸਿਆ ਮਿਉਂਸਿਪਲ ਕਾਰਪੋਰੇਸ਼ਨ ਨੂੰ ਸ਼ਹਿਰ ਦੀ ਸਾਫ-ਸਫਾਈ ਅਤੇ ਸੜਕੀ ਰਸਤਿਆਂ ਦੇ ਸੁੰਦਰੀਕਰਨ ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਅਤੇ ਅਧਿਕਾਰੀਆਂ ਨੂੰ ਕੰਮ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਨ ਦੇ ਆਦੇਸ਼ ਦਿੱਤੇ ਗਏ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੂੰ ਜੀ-20 ਸਕੱਤਰੇਤ ਦੇ ਨੋਡਲ ਅਫਸਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਜਨਵਰੀ ਅਤੇ ਮਾਰਚ 2023 ਵਿੱਚ ਵਿੱਤ (30 ਜਨਵਰੀ ਤੋਂ 31 ਜਨਵਰੀ, 2023) ਅਤੇ ਖੇਤੀਬਾੜੀ (09 ਮਾਰਚ ਤੋਂ 11 ਮਾਰਚ, 2023) ਵਿੱਚ ਦੋ ਮੀਟਿੰਗਾਂ ਹੋਣੀਆਂ ਹਨ। ਜ਼ਿਕਰਯੋਗ ਹੈ ਕਿ ਜੀ-20 ਦੇਸ਼ਾਂ ਵਿੱਚ ਵਿਸ਼ਵ ਦੀਆਂ ਪ੍ਰਮੁੱਖ ਵਿਕਸਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਸ਼ਾਮਲ ਹਨ, ਜੋ ਕਿ ਗਲੋਬਲ ਜੀ ਡੀ ਪੀ ਦਾ 85% ਹਿੱਸਾ ਹਨ। ਅੰਤਰਰਾਸ਼ਟਰੀ ਵਪਾਰ ਦਾ 75% ਅਤੇ ਵਿਸ਼ਵ ਦੀ ਆਬਾਦੀ ਦਾ ਦੋ ਤਿਹਾਈ ਹਿੱਸਾ, ਇਸ ਨੂੰ ਅੰਤਰਰਾਸ਼ਟਰੀ ਆਰਥਿਕ ਸਹਿਯੋਗ ਲਈ ਪ੍ਰਮੁੱਖ ਫੋਰਮ ਬਣਾਉਂਦਾ ਹੈ । ਇਸ ਮੌਕੇ ਮੁੱਖ ਪ੍ਰਸ਼ਾਸਕ ਗਮਾਡਾ ਅਮਨਦੀਪ ਬਾਂਸਲ, ਕਾਰਪੋਰੇਸ਼ਨ ਦੇ ਜੁਆਇੰਟ ਕਮਿਸ਼ਨਰ ਕਿਰਨ ਸ਼ਰਮਾ, ਐਸ.ਡੀ.ਐਮ ਮੁਹਾਲੀ ਸਰਬਜੀਤ ਕੌਰ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਤਰਸੇਮ ਚੰਦ, ਗਮਾਡਾ ਦੇ ਅਸਿਸਟੈਂਟ ਕਮਿਸ਼ਨਰ ਵਰਿੰਦਰ ਜੈਨ, ਸੁਪਰਡੰਟ ਇੰਜ: ਨਰੇਸ਼ ਬੱਤਾ ਤੋਂ ਇਲਾਵਾ ਬਿਜਲੀ ਬੋਰਡ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

ਰੋਜ਼ਗਾਰ ਮੇਲਿਆਂ 'ਚ 178 ਉਮੀਦਵਾਰ ਵੱਖ-ਵੱਖ ਅਸਾਮੀਆਂ ਲਈ ਸ਼ਾਰਟਲਿਸਟ

ਜਲੰਧਰ, (ਸੁਰਿੰਦਰ ਕੁਮਾਰ) ਸਥਾਨਕ ਜਲੰਧਰ ਵਿੱਚ ਸ਼ੁਰੂ ਕੀਤੀ ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਦੀਨਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਧੀਨ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਲਗਾਏ ਗਏ ਦੋ ਪਲੇਸਮੈਂਟ ਕੈਂਪਾਂ ਦੌਰਾਨ ਵੱਖ-ਵੱਖ ਅਸਾਮੀਆਂ ਲਈ 178 ਯੋਗ ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ।

ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵ

7-DEC-PAGE-7.qxd 12/6/2022 10:41 PM Page 1

ਆੜ੍ਹਤੀਆ ਪ੍ਰਧਾਨ ਵੱਲੋਂ ਔਰਤਾਂ ਖਿਲਾਫ ਭੱਦੀ ਸ਼ਬਦਾਵਲੀ ਵਰਤਣ 'ਤੇ ਮਜ਼ਦੂਰਾਂ ਨੇ ਕੀਤਾ ਰੋਸ ਮੁਜ਼ਾਹਰਾ

ਗੱਲਾ ਮਜ਼ਦੂਰਾਂ ਨੇ ਪੱਖਾ ਕਟੌਤੀ ਖਿਲਾਫ ਦਿੱਤਾ ਧਰਨਾ

ਬਰੇਟਾ (ਗੀਤਵਾਲ)-ਮਜ਼ਦੂਰ ਦੀ ਕਟੌਤੀ ਤੇ ਮਜ਼ਦੂਰ ਔਰਤਾਂ ਖਿਲਾਫ ਭੱਦੀ ਸ਼ਬਦਾਵਲੀ ਵਰਤਣ ਦੇ ਰੋਸ ਵਜੋਂ ਮਜ਼ਦੂਰਾਂ ਵੱਲੋਂ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਜਿੱਥੇ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਉਥੇ ਉਨ੍ਹਾਂ ਨੂੰ ਭੱਦੀ ਸ਼ਬਦਾਵਲੀ ਦਾ ਪ੍ਰਯੋਗ ਕਰਦਿਆਂ ਜ਼ਲੀਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਦੇ ਦੌਰ 'ਚ ਆਪਣੇ ਘਰ ਦਾ ਗੁਜ਼ਾਰਾ ਤੇ ਪਾਲਣ ਪੋਸ਼ਣ ਸੁਚੱਜੇ ਢੰਗ ਨਾਲ ਕਰਨ ਲਈ ਮੰਡੀਆਂ ਅੰਦਰ ਮਜ਼ਦੂਰੀ ਕਰਦੀਆਂ ਹਨ, ਪਰ ਇਨ੍ਹਾਂ ਧਨਾਢਾਂ ਵੱਲੋਂ ਸਾਡੀ ਗਰੀਬੀ ਦਾ ਮਜ਼ਾਕ ਉਡਾਇਆ ਜਾਂਦਾ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਔਰਤਾਂ ਖਿਲਾਫ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲੇ ਪ੍ਰਧਾਨ ਦੇ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ।

ਦੂਸਰੇ ਪਾਸੇ ਜਦੋਂ ਪ੍ਰਧਾਨ ਨਾਲ ਇਸ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੋਸ਼ਾਂ ਨੂੰ ਮੁਢੋਂ ਨਕਾਰਦਿਆਂ ਕਿਹਾ ਕਿ ਮੇਰੇ ਖਿਲਾਫ ਵਿਰੋਧ ਇੱਕ ਸਾਜ਼ਿਸ਼ ਤਹਿਤ ਹੈ। ਦੂਸਰੇ ਪਾਸੇ ਗੱਲਾ ਮਜ਼ਦੂਰ ਯੂਨੀਅਨ ਵੱਲੋਂ ਆੜ੍ਹਤੀਆਂ ਵੱਲੋਂ ਪੱਖਾ ਕਟੌਤੀ ਖਿਲਾਫ ਮਾਰਕਿਟ ਕਮੇਟੀ ਦੇ ਬਾਹਰ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾ ਮੰਗ ਕੀਤੀ ਕਿ ਮਜ਼ਦੂਰ ਪੱਖੇ ਦੀ ਕਟੌਤੀ ਨਹੀਂ ਦੇਣਗੇ।

ਸਵਾਮੀ ਵਿਵੇਕਾਨੰਦ ਕਾਲਜ ਵਿਖੇ ਵਿਦੇਸ਼ੀ ਵਿਦਿਆਰਥੀਆਂ 'ਚ ਫਰੈਂਡਲੀ ਫੁੱਟਬਾਲ ਮੈਚ ਕਰਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਬੀਤੇ ਦਿਨੀਂ ਸਵਾਮੀ ਵਿਵੇਕਾਨੰਦ ਕਾਲਜ ਵਿੱਚ ਕਰਵਾਏ ਫਰੈਂਡਲੀ ਫੁੱਟਬਾਲ ਮੈਚ ਵਿੱਚ ਸਵਾਮੀ ਵਿਵੇਕਾਨੰਦ ਕਾਲਜ ਬਠੂੰੜ ਦੇ ਇੰਟਰਨੈਸ਼ਨਲ ਸਟੂਡੈਂਟਸ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੰਟਰਨੈਸ਼ਨਲ ਸਟੂਡੈਂਟਸ ਆਪਸ ਵਿੱਚ ਖੇਡੇ। ਇਹ ਬੱਚੇ ਅਲੱਗ ਅਲੱਗ ਦੇਸ਼ਾਂ ਜਿਵੇਂ ਤਨਜਾਨੀਆ, ਸੂਡਾਨ, ਨਾਈਜੀਰੀਆ, ਮਲਾਵੀ, ਈਥੋਪੀਆ, ਸਾਊਥ ਅਫਰੀਕਾ, ਕੀਨੀਆ, ਘਾਨਾ ਤੇ ਬੋਸਟਨ ਦੇਸ਼ਾਂ ਨਾਲ ਸੰਬੰਧਤ ਸਨ। ਗੋਲ ਕਰਨ ਨੂੰ ਲੈ ਕੇ ਕਾਂਟੇ ਦੀ ਹੋਈ ਟੱਕਰ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਭਾਰੂ ਰਹੀ। ਇਸ ਮੌਕੇ ਬੋਲਦੇ ਹੈੱਡ ਸਪੋਰਟਸ ਡਿਪਾਰਟਮੈਂਟ ਸਵਾਈਟ ਕੁਲਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਵਾਈਟ ਕਾਲਜ ਦੀ ਟੀਮ ਦੇ ਕਪਤਾਨ ਜੋਸਫ, ਪੰਜਾਬੀ ਯੂਨੀਵਰਸਿਟੀ ਦੇ ਕਪਤਾਨ ਕਾਰਲੋਸ ਤੇ ਬਾਕੀ ਖਿਡਾਰੀਆਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਜੇਤੂ ਪੰਜਾਬੀ ਯੂਨੀਵਰਸਿਟੀ ਟੀਮ ਨੂੰ ਕਲਾਜ ਦੇ ਚੇਅਰਮੈਨ ਸ੍ਰੀ ਅਸ਼ਵਨੀ ਗਰਗ ਨੇ ਟਰਾਫੀ ਦੇ ਕੇ ਸਨਮਾਨਤ ਕੀਤਾ ਤੇ ਹੌਸਲਾ ਅਫਜ਼ਾਈ ਕੀਤਾ। ਇਸ ਮੌਕੇ ਸ੍ਰੀ ਸੁਨੀਲ ਸੋਨੀ ਤੇ ਸ੍ਰੀ ਤਲਵਿੰਦਰ ਸਿੰਘ ਹਾਜ਼ਰ ਸਨ।

ਕਬੱਡੀ ਟੀਮ ਦੀ ਕਪਤਾਨੀ ਕਰਨ ਵਾਲੀ ਮਹਿਕਪ੍ਰੀਤ ਸਨਮਾਨਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਮੋਗਾ ਜ਼ਿਲ੍ਹੇ ਦੇ ਘੱਲ ਕਲਾਂ ਵਿਖੇ ਹੋਏ ਰਾਜ ਪੱਧਰੀ ਕਬੱਡੀ ਮੁਕਾਬਲਿਆਂ ਵਿੱਚ ਜ਼ਿਲ੍ਹਾ ਪਟਿਆਲਾ ਦੀ 14 ਸਾਲਾ ਉਮਰ ਵਰਗ ਦੀ ਕਪਤਾਨੀ ਕਰਨ ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੋਨ ਤਮਗਾ ਜਿੱਤਣ ਵਾਲੀ ਮਹਿਕਪ੍ਰੀਤ ਕੌਰ ਦਾ ਪਿੰਡ ਸ਼ੁਤਰਾਣਾ ਦੇ ਡੇਰਾ ਮਸਿੰਗਣੀਆਂ ਦੇ ਗੁਰਦੁਆਰਾ ਸਾਹਿਬ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਆਦਰਸ਼ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ ਡਿੰਪੀ ਤੇ ਸਾਬਕਾ ਸਰਪੰਚ ਸੁਰਜੀਤ ਸਿੰਘ ਡੇਰਾ ਬੋਹੜ ਵਾਲਾ ਪੰਚਾਇਤ ਦੀ ਸਰਪੰਚ ਦੇ ਪਤੀ ਦਲੇਰ ਸਿੰਘ ਨੇ ਮਹਿਕਪ੍ਰੀਤ ਕੌਰ 'ਤੇ ਮਾਣ ਕਰਦਿਆਂ ਕਿਹਾ ਕਿ ਇਕ ਆਮ ਪਰਿਵਾਰ ਦੀ ਧੀ ਨੇ ਟੀਮ ਨੂੰ ਸਹੀ ਤਰੀਕੇ ਨਾਲ ਖੇਡਣ ਦਾ ਤਰੀਕਾ ਦੱਸਦਿਆਂ ਕਬੱਡੀ ਵਿੱਚ ਸੋਨ ਤਮਗਾ ਦਿਵਾਇਆ ਹੈ, ਜਿਸ ਦੀ ਖੁਸ਼ੀ ਵਿੱਚ ਅੱਜ ਉਸ ਨੂੰ ਸਨਮਾਨਤ ਕਰਦਿਆਂ ਗੁਰਦੁਆਰਾ ਜਪ ਸਾਹਿਬ ਦੀ ਕਮੇਟੀ ਵੱਲੋਂ 5100 ਰੁਪਏ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

11 ਲੜਕੀਆਂ ਦੇ ਸੇਵਾ ਭਾਵਨਾ ਨਾਲ ਕੀਤੇ ਵਿਆਹ : ਬਾਬਾ ਹਰਜਿੰਦਰ ਸਿੰਘ

ਜਲਾਲਾਬਾਦ (ਜੀਤ ਕੁਮਾਰ)-ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ (ਰਜਿ.) ਪਿੰਡ ਫਿਰੋਜਸ਼ਾਹ ਵੱਲੋਂ ਸੱਚ ਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ 11 ਗਰੀਬ ਤੇ ਬੇਸਹਾਰਾ ਲੜਕੀਆਂ ਦੇ ਸਮੂਹਕ ਵਿਆਹ ਪਿੰਡ ਫਿਰੋਜਸ਼ਾਹ ਵਿਖੇ ਬੜੀ ਹੀ ਸ਼ਰਧਾ ਭਾਵਨਾ ਨਾਲ ਕੀਤੇ ਗਏ। ਇਸ ਸਬੰਧੀ 19ਵਾਂ ਸਾਲਾਨਾ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫਿਰੋਜਸ਼ਾਹ ਦੀ ਦੇਖ-ਰੇਖ ਹੇਠ ਸੰਪੰਨ ਹੋਇਆ, ਜਿਸ 'ਚ ਡਾ.ਓਮ ਪ੍ਰਕਾਸ਼ ਹਿਸਾਨਵਾਲਾ, ਸੁਰਿੰਦਰ ਜੈਲਦਾਰ ਹਿਸਾਨਵਾਲਾ, ਕਰਿਆਨਾ ਯੂਨੀਅਨ ਜਲਾਲਾਬਾਦ ਦੇ ਜਨਰਲ ਸਕੱਤਰ ਮਨੂੰ ਛਾਬੜਾ, ਸਤਨਾਮ ਸਿੰਘ ਫਲੀਆਂਵਾਲਾ ਸਾਬਕਾ ਸਰਪੰਚ, ਮਾ. ਲਖਵੀਰ ਸਿੰਘ ਲੱਧੜ, ਸਮਾਜਸੇਵੀ ਹਰਦੀਪ ਸਿੰਘ ਸਕੂਰ, ਹਰਬੰਸ ਸਿੰਘ ਸੋਨਾ ਸਾਦਿਕ, ਪੂਰਨ ਭੱਟੀ ਸਰਪੰਚ ਰੱਜੀਵਾਲਾ, ਮੰਗਾ ਸਿੰਘ ਜੰਡਵਾਲਾ, ਨਾਹਰ ਸਿੰਘ ਜੰਡਵਾਲਾ,ਜਸਕੋਰ ਸਿੰਘ ਜੰਡਵਾਲਾ, ਗੁਰਮੀਤ ਸਿੰਘ ਸਰਪੰਚ ਜੰਡਵਾਲਾ, ਗੋਲਡੀ ਬਰਾੜ ਜੰਡਵਾਲਾ, ਮਾ. ਸ਼ਮਸ਼ੇਰ ਸਿੰਘ ਪਾਲੀਵਾਲਾ, ਮਾ. ਨਛੱਤਰ ਸਿੰਘ ਝੁੱਗੀਆਂ, ਮਾ. ਪਰਮਜੀਤ ਸਿੰਘ ਮੋਹਲਾਂ, ਮਾ. ਸਤਨਾਮ ਚਾਂਦੀ, ਮੈਡਮ ਮਨਪ੍ਰੀਤ ਕੌਰ ਕੋਟ ਕਰੋੜ, ਸੋਨੂੰ ਮਹੰਤ ਜਲਾਲਾਬਾਦ, ਸੁਰਿੰਦਰ ਸਿੰਘ ਫਿਰੋਜਸ਼ਾਹ, ਗੁਰਪ੍ਰੀਤ ਸਿੰਘ, ਡਾ. ਚਾਵਲਾ, ਸਹਿਜ ਸਰਪੰਚ, ਗੁਰਪ੍ਰੀਤ ਸਿੰਘ ਇੱਟਾਂ ਵਾਲੀ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਸਮਾਗਮ 'ਚ 11 ਲੜਕੀਆਂ ਦੇ ਸਮੂਹਕ ਆਨੰਦ ਕਾਰਜ ਕਰਵਾਏ ਗਏ। ਇਸ ਮੌਕੇ ਬਾਬਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਸਮੂਹਕ ਅਨੰਦ ਕਾਰਜ ਕਰਨ ਉਪਰੰਤ ਲੜਕੀਆਂ ਨੂੰ ਲੋੜੀਂਦਾ ਦਾਜ ਰੂਪੀ ਸਾਮਾਨ ਜਿਵੇਂ ਕਿ 1-1 ਪੇਟੀ, 1-1 ਬਕਸ ਬੈੱਡ, 2-2 ਮੰਜੇ, 1-1 ਸਟੈਂਡ ਵਾਲਾ ਵੱਡਾ ਪੱਖਾ, ਬਿਸਤਰੇ, ਡਿੱਨਰ ਸੈੱਟ, ਕੁਰਸੀਆਂ ਟੇਬਲ, ਲੜਕੀਆਂ ਨੂੰ ਪੰਜੇਬਾਂ ਤੇ ਲੜਕਿਆਂ ਨੂੰ ਘੜੀਆਂ ਤੇ ਸੂਟ ਕੱਪੜੇ ਆਦਿ ਦਿੱਤਾ ਗਿਆ।

ਕਾਤਰਾਂ

ਜੱਸੀ ਸੋਹੀ ਨਮਿੱਤ ਸ਼ਰਧਾਂਜਲੀ ਸਮਾਗਮ ਅੱਜ

ਧੂਰੀ (ਸੁਖਦੇਵ ਧੂਰੀ)-ਇਲਾਕੇ ਦੇ ਖੇਡ ਤੇ ਵਿੱਦਿਅਕ ਹਲਕਿਆਂ ਵਿੱਚ 29 ਨਵੰਬਰ ਦਾ ਦਿਨ ਬੇਹੱਦ ਸੋਗ ਤੇ ਪੀੜਾ ਦਾ ਦਿਨ ਹੋ ਨਿੱਬੜਿਆ। ਇਸ ਦਿਨ ਖੇਡ ਜਗਤ ਦਾ ਰੋਸ਼ਨ ਸਿਤਾਰਾ ਜਸਮੇਲ ਸਿੰਘ (ਜੱਸੀ ਸੋਹੀ) ਆਪਣੀ ਲੋਅ ਨੂੰ ਸਮੇਟ ਕੇ ਪਰਿਵਾਰ ਤੇ ਸਨੇਹੀਆਂ ਤੋਂ ਸਦਾ ਲਈ ਓਝਲ ਹੋ ਗਿਆ। ਬਜ਼ੁਰਗ ਮਾਪਿਆਂ, ਪਤਨੀ ਪਰਵਿੰਦਰ ਕੌਰ, ਬੇਟੀ ਨਿਮਰਤ ਤੇ ਬੇਟੇ ਫਤਿਹ ਦੀਆਂ ਗਮਜ਼ਦਾ ਅੱਖਾਂ ਵਿੱਚੋਂ ਪਰਬਤੋਂ ਭਾਰੀ ਦੁੱਖ ਦੀ ਥਾਹ ਪਾਉਣੀ ਕੋਈ ਮੁਸ਼ਕਲ ਨਹੀਂ ਜਿਹੜੇ ਤਿਲ ਤਿਲ ਜੋੜੇ ਹੌਸਲੇ ਨਾਲ ਜੱਸੀ ਦੀ ਸਿਹਤਯਾਬੀ ਲਈ ਅਰਦਾਸਾਂ ਜੋਦੜੀਆਂ ਕਰਦੇ, ਹਰ ਸੰਭਵ ਤੇ ਬਿਹਤਰ ਇਲਾਜ ਲਈ ਯਤਨਸ਼ੀਲ ਰਹੇ, ਪਰ ਕਦੇ ਕਦੇ ਜ਼ਿੰਦਗੀ ਦੇ ਕਿਸੇ ਮੋੜ 'ਤੇ ਬੇਵਸੀ ਮਨੁੱਖੀ ਸੱਧਰਾਂ 'ਤੇ ਭਾਰੂ ਪੈ ਜਾਂਦੀ ਹੈ ਤੇ ਇਹੀ ਉਸ ਦਿਨ ਹੋਇਆ, ਜਦੋਂ ਜੱਸੀ ਆਪਣਿਆਂ ਨੂੰ ਰੋਂਦੇ ਵਿਲਕਦੇ ਛੱਡ ਕੇ ਸਦੀਵੀ ਵਿਛੋੜਾ ਦੇ ਗਿਆ। ਅੱਜ 7 ਦਸੰਬਰ 2022 ਨੂੰ ਉਸ ਦੇ ਦੋਸਤ-ਮਿੱਤਰ, ਰਿਸ਼ਤੇਦਾਰ ਤੇ ਸਨੇਹੀ ਉਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਿੰਡ ਬਨਭੋਰਾ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣਗੇ।

ਜੀ ਹੋਲੀ ਹਾਰਟ ਸਕੂਲ 'ਚ ਪੀ ਟੀ ਐੱਮ ਕਰਾਈ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਹਫਤਾਵਾਰੀ ਟੈਸਟ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਬਾਰੇ ਮਾਪਿਆਂ ਨਾਲ ਵਿਚਾਰ ਵਟਾਂਦਰੇ ਲਈ ਪ੍ਰੀ-ਨਰਸਰੀ ਤੋਂ ਬਾਰਵੀਂ ਜਮਾਤ ਲਈ ਪੈਰੈਂਟਸ ਟੀਚਰ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਟੈਸਟਾਂ ਵਿੱਚ ਸਾਰੇ ਵਿਦਿਆਰਥੀਆਂ ਦਾ ਰਿਜ਼ਲਟ ਬਹੁਤ ਵਧੀਆ ਰਿਹਾ। ਪੀ.ਟੀ.ਐੱਮ. ਵਿੱਚ ਅਧਿਆਪਕਾਂ ਤੇ ਮਾਪਿਆਂ ਨੇ ਬੱਚਿਆਂ ਦੇ ਵਿਕਾਸ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ। ਸਕੂਲ ਦੇ ਪ੍ਰਿੰਸੀਪਲ ਮਿਸਿਜ਼ ਨਵਜੋਤ ਕੌਰ ਟੱਕਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਦਿਆਰਥੀਆਂ ਦੀ ਯੂਨਿਟ ਟੈਸਟ ਦੀ ਵਧੀਆ ਤਰੀਕੇ ਨਾਲ ਤਿਆਰੀ ਕਰਵਾਉਣ ਲਈ ਹਫਤਾਵਾਰੀ ਰਿਵੀਜਨ ਟੈਸਟ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਡੇ ਵਿਦਿਆਰਥੀਆਂ ਦੀ ਤਰੱਕੀ ਤੇ ਵਿਕਾਸ ਅਧਿਆਪਕਾਂ ਤੇ ਮਾਪਿਆਂ ਦੀ ਸਾਂਝੀ ਕੋਸ਼ਿਸ਼, ਆਪਸੀ ਸਮਝ ਤੇ ਸਹਿਯੋਗ ਦਾ ਸਿੱਟਾ ਹੈ। ਸਕੂਲ ਦੁਆਰਾ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੀ ਮਾਪਿਆਂ ਨੇ ਭਰਪੂਰ ਸ਼ਲਾਘਾ ਕੀਤੀ।

ਗੁਰਦੁਆਰਾ ਬਾਬੇ ਸ਼ਹੀਦਾਂ ਵਿਖੇ ਭਲਕੇ ਹੋਵੇਗਾ ਅੰਮ੍ਰਿਤ ਸੰਚਾਰ : ਬਾਬਾ ਗੁਰਦੀਪ ਸਿੰਘ

ਬਾਘਾ ਪੁਰਾਣਾ (ਮਨੀ ਸਿੰਗਲਾ)-ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ 8 ਦਸੰਬਰ ਨੂੰ ਪੂਰਨਮਾਸ਼ੀ ਦਾ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਭਲਕੇ ਵੀਰਵਾਰ ਨੂੰ ਸਵੇਰੇ 11 ਵਜੇ ਸਤਿਕਾਰਯੋਗ ਪੰਜ ਪਿਆਰੇ ਸਾਹਿਬਾਨ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ, ਜਿਨ੍ਹਾਂ ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਉਹ ਸਵੇਰੇ 10 ਵਜੇ ਤੱਕ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਜਾਣ, ਕਕਾਰ ਵੀ ਗੁਰੂ ਘਰ ਵੱਲੋਂ ਫਰੀ ਦਿੱਤੇ ਜਾਣਗੇ ਤੇ ਬਸਤਰ ਵੀ ਵੰਡੇ ਜਾਣਗੇ ਅਤੇ 20 ਕਿਲੋਮੀਟਰ ਤੋਂ ਦੂਰੋਂ ਆਉਣ ਵਾਲੇ ਅੰਮ੍ਰਿਤ ਅਭਿਲਾਸ਼ੀ ਨੂੰ ਕਿਰਾਇਆ ਵੀ ਦਿੱਤਾ ਜਾਵੇਗਾ। ਬਾਬਾ ਜੀ ਨੇ ਕਿਹਾ ਕਿ ਸ੍ਰੀ ਆਖੰਡ ਪਾਠਾਂ ਦੇ ਭੋਗ ਉਪਰੰਤ 10 ਵਜੇ ਤੋਂ ਸ਼ਾਮ 3 ਵਜੇ ਤੱਕ ਦਿਵਾਨ ਸਜਾਏ ਜਾਣਗੇ, ਜਿਸ ਵਿਚ ਰੱਬੀ ਬਾਣੀ ਦਾ ਕੀਰਤਣ ਭਾਈ ਇਕਬਾਲ ਸਿੰਘ ਲੰਗੇਆਣਾ ਸਮੇਤ ਹੋਰ ਵੀ ਜਥੇ ਕਰਨਗੇ।

ਯੂ ਕੇ ਇੰਟਰਨੈਸ਼ਨਲ ਸਕੂਲ ਦੇ ਅਧਿਆਪਕਾਂ ਨੂੰ ਬੈਸਟ ਐਵਾਰਡ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਅਧਿਆਪਕਾਂ ਕੁਲਵਿੰਦਰ ਕੌਰ ਤੇ ਕੰਚਨ ਬਾਲਾ ਨੂੰ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਵੱਲੋਂ ਚੰਡੀਗੜ੍ਹ ਵਿਖੇ ਕਰਾਏ ਗਏ ਸਮਾਗਮ ਵਿੱਚ ਬੈਸਟ 'ਟੀਚਰ ਐਵਾਰਡ-2022' ਦੇ ਕੇ ਸਨਮਾਨਤ ਕੀਤਾ ਗਿਆ, ਜਿਸ ਵਿੱਚ ਪੂਰੇ ਪੰਜਾਬ ਦੇ ਅਲੱਗ-ਅਲੱਗ ਸਕੂਲਾਂ ਦੇ ਅਧਿਆਪਕ ਸ਼ਾਮਲ ਸਨ। ਇਸ ਮੌਕੇ ਪਹੁੰਚੇ ਹੋਏ ਮੁੱਖ ਮਹਿਮਾਨਾਂ ਵੱਲੋਂ ਅਧਿਆਪਕਾਂ ਨੂੰ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੀ ਇਸ ਯੋਗਤਾ ਲਈ ਅਧਿਆਪਕਾਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਗਈ। ਯੂ ਕੇ ਇੰਟਰਨੈਸ਼ਨਲ ਸਕੂਲ ਪ੍ਰਿੰਸੀਪਲ ਡਾਕਟਰ ਰਾਜਵਿੰਦਰ ਕੌਰ ਨੇ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਬਲਿਹਾਰ ਸਿੰਘ ਬਾਸੀ, ਬਲਕਾਰ ਸਿੰਘ, ਕੁਲਵੰਤ ਸਿੰਘ ਚੀਮਾ ਤੇ ਸਮੂਹ ਸਟਾਫ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਇਸ ਯੋਗਤਾ ਦੀ ਵਧਾਈ ਦਿੱਤੀ।

ਸੜਕ ਹਾਦਸੇ 'ਚ ਦੋ ਜ਼ਖਮੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪਿੰਡ ਵਲਟੋਹਾ ਨੇੜੇ ਪੈਟਰੋਲ ਪੰਪ ਕੋਲ ਅਣਪਛਾਤੇ ਵਹੀਕਲ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਕੇ ਦੋ ਵਿਅਕਤੀਆਂ ਨੂੰ ਜ਼ਖਮੀਂ ਕਰਨ ਦੀ ਖਬਰ ਮਿਲੀ ਹੈ।

ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਿਸ਼ਾਨ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਆਰਿਫ ਕੇ ਨੇ ਦੱਸਿਆ ਕਿ ਉਹ ਮਜ਼ਦੂਰੀ ਦਾ ਕੰਮ ਕਰਦਾ ਹੈ ਤੇ 30 ਨਵੰਬਰ ਨੂੰ ਸਮੇਤ ਮਿਸਟਰੀ ਗੁਰਭੇਜ ਸਿੰਘ ਉਰਫ ਸੋਨੀ ਵਾਸੀ ਟੱਲੀ ਗੁਲਾਮ ਨਾਲ ਕੰਮ ਕਰਨ ਕਰਕੇ ਆਪਣੇ ਮੋਟਰਸਾਈਕਲ 'ਤੇ ਆ ਰਹੇ ਸੀ, ਜਦ ਪਿੰਡ ਵਲਟੋਹਾ ਨੇੜੇ ਪੈਟਰੋਲ ਪੰਪ ਪਾਸ ਪੁੱਜੇ ਤਾਂ ਕਿਸੇ ਅਣਪਛਾਤੇ ਨੇ ਵਹੀਕਲ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰਿਆ ਤੇ ਮੌਕੇ ਤੋਂ ਫਰਾਰ ਹ

7-DEC-PAGE- 8.qxd 12/6/2022 10:36 PM Page 1

ਬਾਗਬਾਨੀ ਮਿਸ਼ਨ ਅਧੀਨ ਯੂਨਿਟ ਸਥਾਪਤ ਕਰਨ ਲਈ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ ਸਬਸਿਡੀ

ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)- ਬਾਗਬਾਨੀ ਵਿਭਾਗ ਵੱਲੋਂ ਜਿਲ੍ਹੇ ਵਿੱਚ ਬਾਗਬਾਨੀ ਨੂੰ ਪ੍ਰਫੁਲਿਤ ਕਰਨ ਲਈ ਕੌਮੀ ਬਾਗਬਾਨੀ ਮਿਸ਼ਨ ਅਧੀਨ ਪਲਾਂਟੇਸ਼ਨ , ਖੁੰਭਾਂ ਦੀ ਪੈਦਾਵਾਰ, ਸ਼ਹਿਦ ਦੀਆਂ ਮੱਖੀਆਂ ਦਾ ਧੰਦਾ, ਹਾਈਬ੍ਰਿਜ ਸਬਜ਼ੀਆਂ, ਫੁੱਲਾਂ, ਸਬਜ਼ੀਆਂ ਦੀ ਸੁਰੱਖਿਅਤ ਖੇਤੀ ਜਿਸ ਵਿੱਤ ਪੌਲੀ ਹਾਊਸ, ਲੋਅ ਟਨਲ, ਮਲਚਿੰਗ ਆਦਿ ਬਾਗਬਾਨੀ ਮਸ਼ੀਨਰੀ, ਕੋਲਡ ਸਟੋਰ, ਪੈਕ ਹਾਊਸ, ਰਾਈਪਨਿੰਗ ਚੈਂਬਰ ਤੇ ਉਪਦਾਨ ਦਿੱਤਾ ਜਾ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਜਗਦੀਸ਼ ਸਿੰਘ ਕਾਹਮਾ ਉਪ ਡਾਇਰੈਕਟਰ ਬਾਗਬਾਨੀ, ਐਸ.ਏ.ਐਸ ਨਗਰ ਨੇ ਦੱਸਿਆ ਕੀ ਖੇਤੀ ਵਿਭਿੰਨਤਾ ਵਿੱਚ ਬਾਗਬਾਨੀ ਦਾ ਵਿਸ਼ੇਸ਼ ਮਹੱਤਵ ਹੈ। ਉਨ੍ਹਾਂ ਕਿਹਾ ਪਾਣੀ ਦੀ ਬੱਚਤ ਅਤੇ ਕਿਸਾਨਾਂ ਨੂੰ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਥੋੜੇ ਥੋੜੇ ਰਕਬੇ ਵਿੱਚ ਬਾਗਬਾਨੀ ਦਾ ਧੰਦਾ ਆਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਆਨ ਫਾਰਮ ਕੋਲਡ ਰੂਮ , ਆਈ,ਐਨ.ਐਮ , ਬੈਂਬੂ ਸਟੇਕਿੰਗ 50 ਪ੍ਰਤੀਸ਼ਤ ਉਪਦਾਨ ਦਿੱਤਾ ਜਾ ਰਿਹਾ ਹੈ। ਵਾਧੂ ਜਾਣਕਾਰੀ ਦਿੰਦੇ ਹੋਏ ਮੈਂਬਰ ਸੈਕਟਰੀ, ਕੌਮੀ ਬਾਗਬਾਨੀ ਮਿਸ਼ਨ ਸੁਸਾਇਟੀ ਜਸਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਜਿਲ੍ਹੇ ਦੇ ਕਿਸਾਨਾਂ ਨੂੰ ਇਹਨਾਂ ਸਕੀਮਾਂ ਦਾ ਫਾਇਦਾ ਲੈਣ ਲਈ ਬਲਾਕ ਪੱਧਰਾ ਦੇ ਦਫਤਰਾਂ ਵਿਚ ਜਸਪ੍ਰੀਤ ਸਿੰਘ ਸਿੱਧੂ ਬਾਗਬਾਨੀ ਵਿਕਾਸ ਅਫਸਰ ਡੇਰਾਬਸੀ (95929-00005), ਕਮਲਪ੍ਰੀਤ ਕੌਰ ਬਾਗਬਾਨੀ ਵਿਕਾਸ ਅਫਸਰ ਕੁਰਾਲੀ (75080-18996), ਵੈਸ਼ਾਲੀ ਬਾਗਬਾਨੀ ਵਿਕਾਸ ਅਫਸਰ ਖਰੜ (98722-44851) ਨਾਲ ਸੰਪਰਕ ਕਰ ਸਕਦੇ ਹਨ ਤਾਂ ਜੋ ਜਿਲ੍ਹੇ ਦੇ ਕਿਸਾਨ ਇਹਨਾਂ ਸਕੀਮਾਂ ਦਾ ਫਾਇਦਾ ਲੈਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ ਅਤੇ ਖੇਤੀ ਵਿਭਿੰਨਤਾ ਵਿੱਚ ਆਪਣਾ ਯੋਗਦਾਨ ਪਾ ਸਕਣ।

ਮੋਟਰਸਾਈਕਲ ਰੇਹੜੀਆਂ 'ਤੇ ਲਗਾਮ ਕੱਸਣ ਦੀ ਲੋੜ

ਕਪੂਰਥਲਾ (ਰਵਿੰਦਰ ਸਿੰਘ)-ਸੜਕਾਂ 'ਤੇ ਬਹੁਤ ਸਾਰੀਆਂ ਨਾਜਾਇਜ ਮੋਟਰਸਾਈਕਲ ਰੇਹੜੀਆ ਤੁਹਾਨੂੰ ਨਜ਼ਰ ਆਉਣਗੀਆਂ। 7 ਫੁੱਟ ਦਾ ਮੋਟਰਸਾਈਕਲ ਜਿਸ ਦੇ ਪਿੱਛੇ ਰੇਹੜੀ ਬਣਾ ਕੇ ਲਗਾਈ ਜਾਂਦੀ ਹੈ, ਉਸ ਦੇ ਉਤੇ ਜ ਤਾਂ 8- 10 ਬੰਦੇ ਬੈਠੇ ਹੁੰਦੇ ਹਨ, ਜ ਲੰਬਾ ਸਰੀਆ ਜ 20 ਫੁੱਟ ਦੀਆਂ ਪਾਣੀ ਵਾਲੀਆਂ ਪਾਇਪ, 5-7 ਕਵਿੱਟਲ ਸਮਾਨ ਲੱਦਿਆ ਹੁੰਦਾ ਹੈ ਜਿਸ ਕਾਰਨ ਹਾਦਸੇ ਹੁੰਦੇ ਰਹਿੰਦੇ ਹਨ। ਇਨ੍ਹਾਂ ਮੋਟਰਸਾਈਕਲ ਰੇਹੜੀਆਂ ਦਾ ਨਾ ਤਾਂ ਸਰਕਾਰ ਨੂੰ ਕੋਈ ਟੈਕਸ ਦਿੱਤਾ ਜਾਂਦਾ ਹੈ ਤੇ ਨਾ ਹੀ ਕੋਈ ਨੰਬਰ ਹੁੰਦਾ ਹੈ। ਪਿੱਛਲੇ ਦਿਨੀਂ ਸਰਕਾਰ ਨੇ ਇਨ੍ਹਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ, ਪਰ ਜਨਤਾ ਦੇ ਵਿਰੋਧ ਦੇ ਬਾਵਜੂਦ ਸਰਕਾਰ ਨੇ ਇਸ ਨੂੰ ਰੋਜਗਾਰ ਦਾ ਮੁੱਦਾ ਦੱਸ ਕੇ ਇਨ੍ਹਾਂ ਨੂੰ ਚਲਾਉਣ ਦੀ ਆਗਿਆ ਦੇ ਦਿੱਤੀ। ਪਰ ਕੀ ਸਰਕਾਰ ਨੂੰ ਇਨ੍ਹਾਂ ਨਾਲ ਹੋਣ ਵਾਲੇ ਹਾਦਸਿਆਂ ਬਾਰੇ ਜਾਣਕਾਰੀ ਹੈ? ਅੱਜ ਦੇ ਪੰਜਾਬ ਵਿੱਚ 80% ਮੋਟਰਸਾਈਕਲ ਰੇਹੜੀਆਂ ਪਰਵਾਸੀ ਭਾਰਤੀ ਚਲਾ ਰਹੇ ਹਨ ਜਿਨ੍ਹਾਂ ਦਾ ਸਿੱਧਾ ਲਾਭ ਪਰਵਾਸੀ ਭਾਰਤੀਆਂ ਨੂੰ ਮਿਲ ਰਿਹਾ ਹੈ। ਭਗਵੰਤ ਮਾਨ ਸਰਕਾਰ ਨੂੰ ਇਨ੍ਹਾਂ ਮੋਟਰਸਾਈਕਲ ਰੇਹੜੀਆਂ ਨੂੰ ਰਜਿਸਟਰਡ ਕਰਕੇ ਚਲਾਉਣ ਵਾਲੇ ਦਾ ਲਾਇਸੰਸ, ਰੇਹੜੀ ਤੇ ਟੈਸਟ ਅਤੇ ਨਿਰਧਾਰਤ ਵਜਨ, ਲੋਡ ਪਾਸ ਕਰਨਾ ਚਾਹੀਦਾ ਹੈ ਤਾਂਕਿ ਇਹ ਸਰਕਾਰੀ ਕਨੂੰਨ ਦੇ ਮੁਤਾਬਿਕ ਚੱਲਣ। ਦੇਖਣ ਵਿੱਚ ਆਇਆ ਹੈ ਜਿਹੜੇ ਪੰਜਾਬੀ ਨੌਜਵਾਨਾਂ ਕੋਲ ਛੋਟਾ ਹਾਥੀ ਜਾਂ 4 ਵਿਲਰ ਟੈਂਪੂ ਹਨ, ਉਹ ਵਿਚਾਰੇ ਵੇਹਲੇ ਰਹਿੰਦੇ ਹਨ ਅਤੇ ਮੋਟਰਸਾਈਕਲ ਰੇਹੜੀਆਂ ਵਾਲੇ ਸੜਕਾਂ 'ਤੇ ਭੱਜੇ ਫਿਰਦੇ ਰਹਿੰਦੇ ਹਨ। ਕਾਰਣ ਇਹ ਕਿ ਟੈਂਪੂ ਵਾਲੇ ਕਿਸੇ ਗਾਹਕ ਦੇ ਕੋਲੋਂ 5 -7 ਸੌ ਰੁਪਏ ਮੰਗਦੇ ਹਨ, ਤਾਂ ਰੇਹੜੀਆਂ ਵਾਲੇ 2 ਜਾਂ 3 ਸੌ ਰੁਪਏ ਵਿੱਚ ਚੱਲੇ ਜਾਂਦੇ ਹਨ। ਅਸੀਂ ਮਾਨ ਸਰਕਾਰ ਕੋਲੋਂ ਪੁਰਜੋਰ ਅਪੀਲ ਕਰਦੇ ਹਾਂ ਕਿ ਇਨ੍ਹਾਂ ਮੋਟਰਸਾਈਕਲ ਰੇਹੜੀਆਂ ਜਿਹੜੀਆਂ ਕਿ ਆਪਣੇ ਵਜਨ ਤੋਂ 10 - 15 ਗੁਣਾ ਜ਼ਿਆਦਾ ਭਾਰ ਲੱਦ ਕੇ ਸੜਕਾਂ ਉੱਤੇ ਹਾਦਸੇ ਦਾ ਕਾਰਣ ਬਣਦੀਆਂ ਹਨ, ਉਨ੍ਹਾਂ 'ਤੇ ਲਗਾਮ ਕਸੀ ਜਾਵੇ, ਤਾਂਕਿ ਜਿਹੜੇ ਪੰਜਾਬੀ ਟੈਂਪੂ ਚਾਲਕ ਜਾਂ ਫਿਰ ਛੋਟੇ ਹਾਥੀ ਵਾਲੇ , ਜਿਨ੍ਹਾਂ ਦਾ ਰੋਜਗਾਰ ਉਨ੍ਹਾਂ ਦੀਆਂ ਗੱਡੀਆਂ 'ਤੇ ਹੀ ਹੈ, ਉਨ੍ਹਾਂ ਨੂੰ ਵੀ ਆਪਣਾ ਘਰ ਬਾਹਰ ਚਲਾਉਣ ਦਿੱਤਾ ਜਾਵੇ।

ਕਾਵਿ ਪੁਸਤਕ 'ਸ਼ਬਦ-ਸਿਰਜਣਹਾਰੇ-3' ਲੋਕ ਅਰਪਣ

ਫਗਵਾੜਾ, (ਡਾ. ਰਮਨ) ਪੁਸਤਕ "ਸ਼ਬਦ-ਸਿਰਜਣਹਾਰੇ-3" ਦੇ ਲੋਕ ਅਰਪਣ ਸਮਾਗਮ 'ਚ ਬੋਲਦਿਆਂ ਪ੍ਰਸਿੱਧ ਚਿੰਤਕ ਅਤੇ ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੇ ਕਿਹਾ ਕਿ ਪੰਜਾਬ ਦੇ ਲੋਕ ਆਪਣੀ ਮਾਂ ਬੋਲੀ ਨੂੰ ਅੰਤਾਂ ਦਾ ਪਿਆਰ ਕਰਦੇ ਹਨ ਅਤੇ ਖ਼ਾਸ ਤੌਰ 'ਤੇ ਵਿਦੇਸ਼ ਵਸਦੇ ਪੰਜਾਬੀ ਵਿਦਿਆਰਥੀ ਪੰਜਾਬੀ ਪੁਸਤਕਾਂ ਪੜ੍ਹਨ ਦਾ ਬਹੁਤ ਸ਼ੌਕ ਰੱਖਦੇ ਹਨ। ਸਮਾਗਮ 'ਚ ਸਕੇਪ ਸਾਹਿਤਕ ਸੰਸਥਾ ਫਗਵਾੜਾ ਵਲੋਂ ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਦੇ ਸਹਿਯੋਗ ਨਾਲ ਬਲਦੇਵ ਰਾਜ ਕੋਮਲ, ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ ਅਤੇ ਕਮਲੇਸ਼ ਸੰਧੂ ਦੁਆਰਾ ਸੰਪਾਦਿਤ 45 ਕਵੀਆਂ ਦੇ ਸਾਂਝੇ ਕਾਵਿ-ਸੰਗ੍ਰਹਿ ਸ਼ਬਦ ਸਿਰਜਣਹਾਰੇ-3 ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਕੁਲਵਿੰਦਰ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਕਿਹਾ ਕਿ ਪੰਜਾਬੀ, ਪੁਸਤਕਾਂ ਪੜ੍ਹਨ ਦੇ ਸ਼ੌਕੀਨ ਹਨ ਅਤੇ ਇਹ ਭਰਮ ਖ਼ਾਸ ਕਰਕੇ ਧੰਨ ਕੁਬੇਰਾਂ ਵਲੋਂ ਫੈਲਾਇਆ ਜਾ ਰਿਹਾ ਹੈ ਕਿ ਪੰਜਾਬੀ ਪੁਸਤਕਾਂ ਨਹੀਂ ਪੜ੍ਹਦੇ। ਉਹਨਾਂ ਇਹ ਵੀ ਕਿਹਾ ਕਿ ਪੰਜਾਬੀ ਚੰਗੀਆਂ ਪੁਸਤਕਾਂ ਪੜਦੇ ਹਨ ਅਤੇ ਇਹਨਾਂ 'ਚ ਦਿੱਤੇ ਵਿਚਾਰਾਂ ਉਤੇ ਅਮਲ ਵੀ ਕਰਦੇ ਹਨ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਬਿਨਾਂ ਸ਼ੱਕ ਮਾਂ-ਬੋਲੀ ਪੰਜਾਬੀ ਉਤੇ ਹਮਲੇ ਹੋ ਰਹੇ ਹਨ, ਪਰ ਪੰਜਾਬੀ ਇਨਾਂ ਚੁਣੌਤੀਆਂ ਨੂੰ ਪ੍ਰਵਾਨ ਕਰ ਰਹੇ ਹਨ ਅਤੇ ਦੇਸ਼-ਵਿਦੇਸ਼ 'ਚ ਇਸਦੇ ਪ੍ਰਚਾਰ ਪਸਾਰ ਲਈ ਹੰਭਲੇ ਮਾਰ ਰਹੇ ਹਨ। ਰਵਿੰਦਰ ਚੋਟ ਨੇ ਸ਼ਬਦ ਸਿਰਜਣਹਾਰੇ-3 ਬਾਰੇ ਵਿਚਾਰ ਰੱਖੇ, ਪਰਵਿੰਦਰਜੀਤ ਸਿੰਘ ਨੇ ਸਭਨਾਂ ਨੂੰ ਜੀਅ ਆਇਆਂ ਆਖਿਆ। ਬਲਦੇਵ ਰਾਜ ਕੋਮਲ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕਮਲੇਸ਼ ਸੰਧੂ ਨੇ ਬਾਖੂਬੀ ਨਿਭਾਈ। ਇਸ ਵਿਸ਼ੇਸ਼ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਰਵਿੰਦਰ ਚੋਟ, ਬਲਦੇਵ ਰਾਜ ਕੋਮਲ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਮੋਤਾ ਸਿੰਘ ਸਰਾਏ, ਕੁਲਵਿੰਦਰ ਸਿੰਘ ਸਰਾਏ ਸ਼ਾਮਲ ਸਨ। ਸਮਾਗਮ ਵਿਚ ਹਾਜ਼ਰ ਉਹਨਾਂ ਲੇਖਕਾਂ ਨੂੰ ਜਿਹਨਾਂ ਦੀਆਂ ਰਚਨਾਵਾਂ ਪੁਸਤਕ ਸ਼ਬਦ ਸਿਰਜਣਹਾਰੇ-3 'ਚ ਸ਼ਾਮਲ ਹਨ, ਪੁਸਤਕ ਭੇਂਟ ਕੀਤੀ ਗਈ। ਮੋਤਾ ਸਿੰਘ ਸਰਾਏ ਦਾ ਸਕੇਪ ਸਾਹਿਤਕ ਸੰਸਥਾ ਵਲੋਂ ਸਨਮਾਨ ਕੀਤਾ ਗਿਆ।

ਹੋਰਾਂ ਤੋਂ ਇਲਾਵਾ ਇਸ ਸਮਾਗਮ 'ਚ ਮਨੋਜ ਫਗਵਾੜਵੀ, ਕਰਮਜੀਤ ਸਿੰਘ ਸੰਧੂ, ਹਰਚਰਨ ਭਾਰਤੀ, ਐਸ.ਐਲ.ਵਿਰਦੀ, ਸੋਹਣ ਸਹਿਜਲ, ਟੀ.ਡੀ. ਚਾਵਲਾ, ਜਸਵਿੰਦਰ ਕੌਰ, ਬਲਬੀਰ ਕੌਰ, ਸੁਨੀਤਾ ਮੈਦਾਨ, ਬੇਸੋ ਦੇਵੀ, ਦਰਸ਼ਨ ਸਿੰਘ ਨੰਦਰਾ, ਸਰਪੰਚ ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਸੁੱਖ, ਸੁਖਵਿੰਦਰ ਸਿੰਘ ਭੱਟੀ, ਲਾਲੀ ਕਰਤਾਰਪੁਰੀ, ਸੁਬੇਗ ਸਿੰਘ ਹੰਝਰਾ, ਸੋਢੀ ਸੱਤੋਵਾਲੀ, ਸੁਖਦੇਵ ਸਿੰਘ ਗੰਢਵਾਂ, ਲਸ਼ਕਰ ਢੰਡਵਾੜਵੀ, ਬਚਨ ਗੂੜਾ, ਰਵਿੰਦਰ ਸਿੰਘ ਰਾਏ, ਦਵਿੰਦਰ ਸਿੰਘ ਜੱਸਲ, ਦਲਜੀਤ ਮੈਹਿਮੀ, ਗੁਰਨਾਮ ਬਾਵਾ, ਨਰੰਜਣ ਸਿੰਘ ਪਰਵਾਨਾ, ਸਾਧੂ ਸਿੰਘ ਜੱਸਲ, ਸਿਕੰਦਰ, ਪਰਮਜੀਤ ਕੌਰ ਅੱਪਰਾ, ਮਲਕੀਤ ਸਿੰਘ ਆਦਿ ਹਾਜ਼ਰ ਸਨ।

ਪੀ ਐਚ ਸੀ ਝੰਡਿਆਂ ਕਲਾਂ 'ਚ 15 ਲੋਕਾਂ ਨੂੰ ਦਿੱਤੇ ਮੁਫਤ ਡੈਂਚਰ ਤੇ 301 ਮਰੀਜ਼ਾਂ ਦਾ ਕੀਤਾ ਚੈੱਕਅਪ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਸਿਵਲ ਸਰਜਨ ਰੂਪਨਗਰ ਡਾਕਟਰ ਪਰਮਿੰਦਰ ਕੁਮਾਰ ਤੇ ਜ਼ਿਲ੍ਹਾ ਡੈਂਟਲ ਹੈਲਥ ਅਫਸਰ ਦੇ ਡਾ. ਸਿਕੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾਕਟਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਲਗਾਏ ਗਏ ਸੀ ਐਚ ਸੀ ਝੰਡੀਆਂ ਕਲਾਂ ਵਿਖੇ 34ਵੇਂ ਦੰਦਾਂ ਦੇ ਪੰਦਰਵਾੜੇ ਦੀ ਸਮਾਪਤੀ ਦੌਰਾਨ ਲੋੜਵੰਦ ਲੋਕਾਂ ਨੂੰ 15 ਡੈਚਰ ਮੁਫਤ ਦਿੱਤੇ ਗਏ। ਇਸ ਕੈਂਪ ਦੌਰਾਨ 301 ਦੇ ਦੰਦਾਂ ਦਾ ਚੈੱਕਅਪ ਕੀਤਾ ਗਿਆ। ਦੰਦਾਂ ਦੇ ਮਾਹਰ ਡਾਕਟਰ ਚਮਨ ਲਾਲ ਨੇ ਦੱਸਿਆ ਹੈ ਕਿ ਉਕਤ ਦੰਦਾਂ ਦੇ ਪੰਦਰਵਾੜੇ ਦੇ ਦੌਰਾਨ ਸਕੂਲਾਂ ਦੇ ਬੱਚਿਆਂ ਸਣੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਦੰਦਾਂ ਦੀਆਂ ਬਿਮਾਰੀਆਂ ਦੇ ਸਬੰਧੀ ਜਾਗਰੂਕ ਕੀਤਾ ਗਿਆ ਉਥੇ ਹੀ ਉਨ੍ਹਾਂ ਦੰਦਾਂ ਦਾ ਵਿਸ਼ੇਸ਼ ਤੌਰ ਤੇ ਚੈੱਕਅੱਪ ਵੀ ਕੀਤਾ ਗਿਆ। ਇਸ ਮੌਕੇ ਉਨਾਂ ਨੇ ਮਰੀਜ਼ਾਂ ਨੂੰ ਦੱਸਿਆ ਕਿ ਦੰਦ ਸਾਡੇ ਸਰੀਰ ਦਾ ਅਹਿਮ ਅੰਗ ਹਨ, ਕਿਉਂਕਿ ਦੰਦਾਂ ਦੇ ਖਰਾਬ ਹੋ ਜਾਣ ਨਾਲ ਸਾਡੀ ਪਾਚਨ ਸ਼ਕਤੀ ਡਾਵਾਂਡੋਲ ਹੋ ਜਾਂਦੀ ਹੈ। ਦੰਦ ਸਾਡੇ ਸਰੀਰ ਅੰਦਰ ਖੁਰਾਕ ਨੂੰ ਘੁਲਣਸ਼ੀਲ ਬਣਾ ਕੇ ਪਹੁੰਚਾਉਂਦਾ ਹੈ, ਲਈ ਸਾਨੂੰ ਦੰਦਾਂ ਦੀ ਵਿਸ਼ੇਸ਼ ਤੌਰ 'ਤੇ ਸੰਭਾਲ ਰੱਖਣੀ ਚਾਹੀਦੀ ਹੈ। ਸਾਨੂੰ ਸਵੇਰ ਸਮੇਂ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਦੀ ਚੰਗੇ ਤਰੀਕੇ ਨਾਲ ਸਫਾਈ ਕਰਨੀ ਚਾਹੀਦੀ ਹੈ ਅਤੇ ਰਾਤ ਨੂੰ ਬੁਰਸ਼ ਕਰਨ ਤੋਂ ਬਾਅਦ ਕੁਝ ਵੀ ਹੋਰ ਖਾਣਾ-ਪੀਣਾ ਨਹੀਂ ਚਾਹੀਦਾ। ਇਸ ਮੌਕੇ 'ਤੇ ਡਾਕਟਰ ਪਰਬਜੀਤ ਕੌਰ , ਲੈਬ ਟੈਕਨੀਸ਼ਨ ਰਕੇਸ਼ ਕੁਮਾਰ ਰਾਣਾ ,ਫਾਰਮੇਸੀ ਅਫਸਰ ਸੁਰਜੀਤ ਕੌਰ ਆਦਿ ਮੌਜੂਦ ਸਨ।

ਇੱਕ ਵਾਰ ਦਾਨ ਕੀਤਾ ਹੋਇਆ ਖੂਨ ਬਚਾ ਸਕਦਾ ਹੈ ਚਾਰ ਜ਼ਿੰਦਗੀਆਂ : ਜੌੜਾਮਾਜਰਾ

ਚੰਡੀਗੜ੍ਹ,(ਗੁਰਜੀਤ ਬਿੱਲਾ)- ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਏਡਜ਼ ਕੰਟਰੋਲ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਲਗਾਏ ਖੂਨਦਾਨ ਕੈਂਪ ਦਾ ਉਦਘਾਟਨ ਕੀਤਾ। ਇਹ ਕੈਂਪ ਪੰਜਾਬ ਸਟੇਟ ਬਲੱਡ ਟ੍ਰਾਂਸਫਿਊਜ ਕਾਉਂਸਲ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿੱਚ ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ ਦੇ ਪੰਜਾਬ ਭਰ ਦੇ ਮੁਲਾਜਮਾਂ ਨੇ ਹਿੱਸਾ ਲਿਆ। ਇਸ ਦੌਰਾਨ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਖੂਨ ਹਮੇਸ਼ਾ ਮੰਜੂਰਸ਼ੁਦਾ ਬਲੱਡ ਸੈਂਟਰਾਂ ਤੋਂ ਹੀ ਲਿਆ ਜਾਵੇ। ਕਿਉਂਕਿ ਇਨ੍ਹਾਂ ਸੈਂਟਰਾਂ ਵਿੱਚ ਕਈ ਬਿਮਾਰੀਆਂ ਦੇ ਟੈਸਟ ਕੀਤੇ ਜਾਂਦੇ ਹਨ ਅਤੇ ਰਿਪੋਰਟ ਸਹੀ ਆਉਣ ਉਪਰੰਤ ਹੀ ਕਿਸੇ ਵਿਅਕਤੀ ਨੂੰ ਖੂਨ ਚੜ੍ਹਾਇਆ ਜਾਂਦਾ ਹੈ। ਪੰਜਾਬ ਵਿੱਚ 161 ਮੰਜੂਰਸ਼ੁਦਾ ਬਲੱਡ ਸੈਂਟਰ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 46 ਸਰਕਾਰੀ, 7 ਮਿਲਟਰੀ ਅਤੇ 108 ਪ੍ਰਾਈਵੇਟ ਬਲੱਡ ਸੈਂਟਰ ਹਨ। ਚੇਤਨ ਸਿੰਘ ਜੌੜਾਮਾਜਰਾ ਨੇ ਐਸੋਸੀਏਸ਼ਨ ਵੱਲੋਂ ਲਗਾਏ ਖੂਨਦਾਨ ਕੈਂਪ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਸਵੈ-ਇਛੱਕ ਖੂਨਦਾਨ ਕੈਂਪਾਂ ਰਾਹੀਂ ਕਈ ਲੋਕਾਂ ਦੀ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਇੱਕ ਦਾਨ ਕੀਤਾ ਹੋਇਆ ਖੂਨ ਚਾਰ ਜ਼ਿੰਦਗੀਆਂ ਬਚਾ ਸਕਦਾ ਹੈ। ਪੰਜਾਬ ਏਡਜ਼ ਕੰਟਰੋਲ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਮੇਲ ਸਿੰਘ ਦਿਓਲ ਨੇ ਕਿਹਾ ਕਿ ਉਹਨਾਂ ਦੀ ਯੂਨਿਅਨ ਏਡਜ਼ ਗ੍ਰਸਤ ਲੋਕਾਂ ਦੇ ਇਲਾਜ ਵਿੱਚ ਸਹਾਇਤਾ ਕਰਨ ਦੇ ਨਾਲ-ਨਾਲ ਖੂਨ ਦਾਨ ਜਿਹੇ ਸਮਾਜ ਭਲਾਈ ਦੇ ਕੰਮ ਵੀ ਕਰਦੀ ਹੈ। ਇਸ ਮੌਕੇ ਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੀ ਪ੍ਰੋਜੈਕਟ ਡਾਇਰੈਕਟਰ ਸ਼੍ਰੀਮਤੀ ਨੀਲਿਮਾ, ਡਾਇਰੈਕਟਰ ਹੈਲਥ ਸਰਵਿਸਸ ਡਾ. ਰਣਜੀਤ ਸਿੰਘ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਦੇ ਡਾਇਰੈਕਟਰ ਡਾ. ਐਸ.ਪੀ. ਸਿੰਘ, ਸਿਵਲ ਸਰਜਨ ਮੋਹਾਲੀ ਡਾ. ਆਦਰਸ਼ਪਾਲ ਕੌਰ, ਅਡੀਸ਼ਨਲ ਪ੍ਰੋਜੈਕਟ ਡਾਇਰੈਕਟਰ ਡਾ. ਬੌਬੀ ਗੁਲਾਟੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਨ੍ਹਾਂ ਤੋਂ ਇਲਾਵਾ ਜਨਰਲ ਸਕੱਤਰ ਗੁਰਜੰਟ ਸਿੰਘ , ਮੁੱਖ ਸਲਾਹਕਾਰ ਮਹਿੰਦਰਪਾਲ ਸਿੰਘ, ਵਿੱਤ ਸਕੱਤਰ ਕਵਲਜੀਤ ਸਿੰਘ, ਮਨੀਸ ਯਾਦਵ, ਮੀਡੀਆ ਸਕੱਤਰ ਮਨੀਸ ਕੁਮਾਰ, ਕੋਰ ਕਮੇਟੀ ਮੈਂਬਰ ਆਸੂ ਗਰਗ ਜੀ, ਸੁਰਿੰਦਰ ਸਿੰਘ ਤੇ ਹੋਰ ਸਟਾਫ ਮੌਜੂਦ ਸੀ।

ਅਪਾਹਜ ਲੋਕਾਂ ਨੂੰ ਜਾਗਰੂਕ ਤੇ ਉਤਸ਼ਾਹਤ ਕਰਨ ਵਾਸਤੇ ਕੀਤਾ ਸ਼ਲਾਘਾਯੋਗ ਉਪਰਾਲਾ

ਕੁਰਾਲੀ (ਮੋਹਨ ਅੱਗਰਵਾਲ ਜੋਗਾ)-ਅਪਾਹਿਜ ਲੋਕਾਂ ਨੂੰ ਜਾਗਰੂਕ ਤੇ ਉਤਸ਼ਾਹਿਤ ਕਰਨ ਵਾਸ

7 -Dect tPage 9.qxd 12/6/2022 10:38 PM Page 1

ਸਾਨੂੰ ਆਪਣੇ ਵਿਦਿਆਰਥੀਆਂ ਦੀਆਂ ਉੱਚ ਪ੍ਰਾਪਤੀਆਂ 'ਤੇ ਫ਼ਖਰ : ਡਾ. ਸਮਰਾ

ਜਲੰਧਰ-(ਸੈਲੀ ਐਲਬਰਟ)- ਵਿੱਦਿਆ, ਖੇਡਾਂ ਅਤੇ ਕਲਾ ਦੇ ਖੇਤਰ ਵਿੱਚ ਨਿੱਤ ਨਵੀਆਂ ਪ੍ਰਾਪਤੀਆਂ ਹਾਸਲ ਕਰ ਰਹੀ ਉੱਤਰੀ ਭਾਰਤ ਦੀ ਸਿਰਮੌਰ ਵਿੱਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿੱਚ ਕਾਲਜ ਦੇ ਗਵਰਨਿੰਗ ਕੌਂਸਲ ਦੇ ਸਾਬਕਾ ਪ੍ਰਧਾਨ ਸਾਬਕਾ ਮੈਂਬਰ ਪਾਰਲੀਮੈਂਟ, ਸਾਬਕਾ ਮੰਤਰੀ ਪੰਜਾਬ ਰਹੇ ਸਵ. ਬਲਬੀਰ ਸਿੰਘ ਦੇ 84ਵੇਂ ਜਨਮ ਦਿਵਸ ਨੂੰ ਸਮਰਪਿਤ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਇੱਕ ਵਿਸੇਸ਼ ਮਿਲਣੀ ਕਰਵਾਈ ਗਈ। ਇਸ ਮਿਲਣੀ ਵਿਚ ਕਾਲਜ ਦੇ ਪੁਰਾਣੇ ਵਿਦਿਆਰਥੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਨਾਮਵਰ ਸਖ਼ਸੀਅਤ ਹਰਨਿੰਦਰ ਸਿੰਘ ਸ਼ੇਰਗਿੱਲ, ਕਾਰਕਾਰੀ ਅਫਸਰ, ਸਥਾਨਕ ਸਰਕਾਰਾਂ ਵਿਭਾਗ ਲੁਧਿਆਣਾ ਸ਼ਾਮਲ ਹੋਏ। ਮੁੱਖ ਮਹਿਮਾਨ ਹਰਨਿਰੰਦਰ ਸਿੰਘ ਸ਼ੇਰਗਿੱਲ ਦਾ ਸਵਾਗਤ ਕਰਦਿਆਂ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਸੰਯੁਕਤ ਸਕੱਤਰ ਜਸਪਾਲ ਸਿੰਘ ਵੜੈਚ ਅਤੇ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਫੁੱਲਾਂ ਦਾ ਗੁਲਦਸਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਨਿੱਘੇ ਸ਼ਬਦਾਂ ਨਾਲ 'ਜੀ ਆਇਆਂ' ਆਖਿਆ। ਸ਼ੇਰਗਿੱਲ ਨੇ ਕਾਲਜ ਪ੍ਰਤੀ ਆਪਣਾ ਮੋਹ ਪ੍ਰਗਟ ਕਰਦਿਆਂ ਧੰਨਵਾਦੀ ਸ਼ਬਦਾਂ ਵਿਚ ਕਾਲਜ ਵੱਲੋਂ ਕਰਵਾਏ ਜਾਂਦੇ ਇਸ ਵਿਸ਼ੇਸ਼ ਮਿਲਣੀ ਸਮਾਗਮ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਕਾਲਜ ਸਿਰ ਬੰਨ੍ਹਦੇ ਹੋਏ ਆਪਣੇ-ਆਪ ਨੂੰ ਅਤੀ ਖੁਸ਼-ਕਿਸਮਤ ਦੱਸਿਆ। ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਬੋਲਦਿਆਂ ਕਿਹਾ ਕਿ ਕਾਲਜ ਦੇ ਮਾਣ-ਮੱਤੇ ਇਤਿਹਾਸ ਨੂੰ ਸਿਰਜਨ ਵਿਚ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦਾ ਅਹਿਮ ਯੋਗਦਾਨ ਹੈ। ਉਹਨਾਂ ਕਿਹਾ ਕਿ ਕਾਲਜ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਬਣਦਾ ਮਾਨ-ਸਨਮਾਨ ਦੇਣ ਲਈ ਹਮੇਸ਼ਾ ਪ੍ਰਤੀਬੱਧ ਰਿਹਾ ਹੈ ਤੇ ਭਵਿੱਖ ਵਿੱਚ ਹੋਰ ਅਜਿਹੇ ਮੌਕੇ ਸਿਰਜਨ ਲਈ ਯਤਨਸ਼ੀਲ ਰਹੇਗਾ। ਉਨ੍ਹਾਂ ਕਿਹਾ ਕਿ ਸਾਨੂੰ ਫਖਰ ਹੈ ਕਿ ਸਾਡੇ ਵਿਦਿਆਰਥੀ ਪ੍ਰਸ਼ਾਸਨਿਕ ਖੇਤਰ ਵਿਚ ਸੇਵਾਵਾਂ ਦੇ ਕੇ ਕਾਲਜ ਦਾ ਨਾਂਅ ਰੌਸ਼ਨ ਕਰ ਰਹੇ ਹਨ।ਸਮਾਗਮ ਦੌਰਾਨ ਪ੍ਰੋ. ਸੁਖਦੇਵ ਸਿੰਘ ਮੁਖੀ ਸੰਗੀਤ ਵਿਭਾਗ ਦੁਆਰਾ ਅਤੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਗੀਤ, ਗਜ਼ਲ ਅਤੇ ਲੋਕ ਗੀਤ ਗਾ ਕੇ ਵਾਤਾਵਰਨ ਨੂੰ ਸੁਹਾਵਣਾ ਤੇ ਖੁਸ਼ਗਵਾਰ ਬਣਾਇਆ ਗਿਆ। ਡਾ. ਸੁਰਿੰਦਰ ਪਾਲ ਮੰਡ ਨੇ ਖੂਬਸੂਰਤ ਸ਼ਾਇਰਾਨਾ ਅੰਦਾਜ਼ ਵਿਚ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਪ੍ਰੋ. ਸੰਜੀਵ ਆਨੰਦ ਡਾਇਰੈਕਟਰ ਅਲੂਮਨੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਲਖਵੀਰ ਲੰਡਾ ਹਰੀਕੇ ਗੈਂਗ ਦੇ 3 ਮੈਂਬਰ ਹਥਿਆਰ ਸਮੇਤ ਕਾਬੂ

ਫਿਲੌਰ (ਨਿਰਮਲ) ਫਿਲੌਰ ਪੁਲਿਸ ਪਾਰਟੀ ਵੱਲੋਂ ਲਖਵੀਰ ਲੰਡਾ ਹਰੀਕੇ ਗੈਂਗ ਦੇ 3 ਮੈਂਬਰਾਂ ਨੂੰ ਕਾਬੂ ਕਰਕੇ ਉਹਨਾ ਕੋਲੋਂ 7 ਪਿਸਟਲ ਸਮੇਤ ਮੈਗਜ਼ੀਨ, 30 ਜਿੰਦਾ ਰੌਦ, 1 ਰਿਵਾਲਵਰ 32 ਬੋਰ ਸਮੇਤ 5 ਜਿੰਦਾ ਰੌਦ, 1 ਪਿਸਟਲ 315 ਬੋਰ ਸਮੇਤ 2 ਜਿੰਦਾ ਰੌਦ ਅਤੇ ਕਾਰ 1-20, ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਵਰਨਦੀਪ ਸਿੰਘ ਪੀ ਪੀ ਐਸ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਨੇ ਦੱਸਿਆ ਕਿ 5 ਦਸੰਬਰ ਨੂੰ ਇੰਸਪੈਕਟਰ ਸੁਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਦੀ ਯੋਗ ਅਗਵਾਈ ਹੇਠ ਏ ਐਸ ਆਈ ਸੁਖਵਿੰਦਪਾਲ ਚੌਕੀ ਇੰਚਾਰਜ ਅੱਪਰਾ ਥਾਣਾ ਫਿਲੌਰ ਦੀ ਪੁਲਸ ਪਾਰਟੀ ਜੱਜਾ ਚੌਕ ਅੱਪਰਾ ਨੇ ਪੁਖਤਾ ਜਾਣਕਾਰੀ ਦੇ ਆਧਾਰ 'ਤੇ ਲਖਵੀਰ ਲੰਡਾ ਗੈਂਗ ਦੇ 3 ਮੈਂਬਰਾਂ ਲਵਪ੍ਰੀਤ ਸਿੰਘ ਉਰਫ ਲਾਡੀ ਪੁੱਤਰ ਸ਼ੇਰ ਸਿੰਘ ਵਾਸੀ ਭੱਜਲਾ ਥਾਣਾ ਗੜਸ਼ੰਕਰ, ਗਗਨਦੀਪ ਸਿੰਘ ਉਰਫ ਗਗਨ ਪੁੱਤਰ ਲੈਬਰ ਸਿੰਘ ਵਾਸੀ ਮੁੱਹਲਾ ਰਣਜੀਤਪੁਰਾ ਪਿੰਡ ਤਲਵਣ ਥਾਣਾ ਬਿਲਗਾ, ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਜੱਗਾ ਸਿੰਘ ਵਾਸੀ ਢੰਡਵਾੜ ਥਾਣਾ ਗੁਰਾਇਆ ਨੂੰ ਗੱਡੀ ਆਈ-20 'ਚੋਂ ਗ੍ਰਿਫ਼ਤਾਰ ਕਰਕੇ 7 ਪਿਸਟਲ ਸਮੇਤ ਮੈਗਜੀਨ ਅਤੇ 30 ਰੌਦ ਜਿੰਦਾ, 1 ਰਿਵਾਲਵਰ 32 ਬੋਰ ਸਮੇਤ 5 ਰੌਦ ਜਿੰਦਾ, ਇੱਕ ਪਿਸਤੌਲ 315 ਬੋਰ ਸਮੇਤ 2 ਰੌਦ ਜਿੰਦਾ ਬਰਾਮਦ ਕਰਕੇ ਉਨ੍ਹਾ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਚੋਰੀ ਦੀਆਂ ਵਾਰਦਾਤਾਂ ਕਰਨ ਵਾਲਾ ਨਾਮੀ ਚੋਰ ਗ੍ਰਿਫ਼ਤਾਰ

ਐਸ ਏ ਐਸ ਨਗਰ. (ਗੁਰਜੀਤ ਬਿੱਲਾ) ਡਾ. ਸੰਦੀਪ ਕੁਮਾਰ ਗਰਗ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪ੍ਰੈਸ ਨੋਟ ਰਾਹੀ ਦੱਸਿਆ ਕਿ ਮੁਹਾਲੀ ਪੁਲਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁੰਹਿਮ ਦੌਰਾਨ ਅਮਨਦੀਪ ਸਿੰਘ ਬਰਾੜ, ਕਪਤਾਨ ਪੁਲਸ (ਇਨਵੈਸਟੀਗੇਸ਼ਨ), ਐਸ.ਏ.ਐਸ ਨਗਰ ਅਤੇ ਗੁਰਸ਼ੇਰ ਸਿੰਘ, ਉਪ ਕਪਤਾਨ ਪੁਲਿਸ (ਇਨਵੈਸਟੀਗੇਸਨ), ਐਸ.ਏ.ਐਸ ਨਗਰ ਦੀ ਅਗਵਾਈ ਹੇਠ ਇੰਸ. ਸ਼ਿਵ ਕੁਮਾਰ ਇੰਚਾਰਜ ਸੀ.ਆਈ.ਏ ਸਟਾਫ ਮੁਹਾਲੀ ਅਤੇ ਇੰਸ. ਸੁਮਿਤ ਮੋਰ ਮੁੱਖ ਅਫਸਰ ਥਾਣਾ ਫੇਜ-1 ਮੁਹਾਲੀ ਦੀ ਟੀਮ ਵੱਲੋਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿੱਚ ਚੋਰੀ ਦੀਆਂ ਵਾਰਦਾਤ: ਨੂੰ ਅੰਜਾਮ ਦੇਣ ਵਾਲਾ ਚੋਰ ਰਵੀ ਉਰਫ ਪੁਜਾਰੀ ਵਾਸੀ ਨੇੜੇ ਮੰਦਰ ਮਹਾ ਦੇਵ ਕਲੋਨੀ ਸੂਰਜਪੁਰ ਥਾਣਾ ਪਿੰਜੋਰ ਹਰਿਆਣਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਡਾ. ਗਰਗ ਨੇ ਜਾਣਕਾਰੀ ਦਿੰਦੇ ਹੋਏ ਅੱਗੇ ਦੱਸਿਆ ਕਿ ਮਿਤੀ 12/13 .11. 2022 ਦੀ ਦਰਮਿਆਨੀ ਰਾਤ ਨੂੰ ਸੰਜੀਵ ਗਰਗ ਆਪਣੇ ਪਰਿਵਾਰ ਸਮੇਤ ਘਰ ਦੀ ਪਹਿਲੀ ਮੰਜਿਲ ਤੇ ਸੁੱਤੇ ਸੀ । ਮਿਤੀ 13.11.2022 ਨੂੰ ਸਵੇਰੇ ਗਰਊਡ ਫਲੋਰ ਤੇ ਦੇਖਿਆ ਕਿ ਕਮਰਾ ਖੁੱਲਾ ਪਿਆ ਸੀ, ਅਲਮਾਰੀ ਦੇ ਤਾਲੇ ਟੁੱਟੇ ਸੀ ਅਤੇ ਨਕਦੀ/ਸੋਨੇ ਦੇ ਗਹਿਣੇ ਅਲਮਾਰੀ ਵਿੱਚ ਨਹੀ ਸਨ , ਜਿਸ 'ਤੇ ਮੁਕੱਦਮਾ ਨੰ. 223 ਮਿਤੀ 13.11. 2022 ਅ/ਧ 457,380,483,411 ਭ: ਦ: ਥਾਣਾ ਫੇਸ 1 ਮੁਹਾਲੀ ਨਾਮਾਲੂਮ ਵਿਅਕਤੀ/ਵਿਅਕਤੀਆਂ ਦੇ ਖਿਲਾਫ ਦਰਜ ਰਜਿਸਟਰ ਕਰਕੇ ਤਫਤੀਸ਼ ਵਿੱਚ ਅਮਲ ਵਿੱਚ ਲਿਆਂਦੀ ਗਈ ਹੈ। ਮੁਕੱਦਮਾ ਦੀ ਤਫਤੀਸ਼ ਦੌਰਾਨ ਰਵੀ ਕੁਮਾਰ ਉਰਫ ਵਿਜੈ ਉਰਫ ਬਾਬਾ ਪੱਤਰ ਸੁਰੇਸ਼ ਕੁਮਾਰ ਵਾਸੀ ਨੇੜੇ ਮੰਦਰ ਮਹਾਦੇਵ ਕਲੋਨੀ ਸੂਰਜਪੁਰ ਥਾਣਾ ਪਿੰਜੋਰ ਹਰਿਆਣਾ (ਉਮਰ ਕਰੀਬ 40 ਸਾਲ) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ । ਦੋਸ਼ੀ ਖਿਲਾਫ ਪਹਿਲਾਂ ਵੀ ਚੋਰੀ ਦੇ ਕਰੀਬ 35 ਮੁੱਕਦਮੇ ਪੰਚਕੂਲਾ, ਚੰਡੀਗੜ੍ਹ, ਪਿੰਜੋਰ ਅਤੇ ਮੁਹਾਲੀ ਦੇ ਵੱਖ ਵੱਖ ਥਾਣਿਆਂ ਵਿੱਚ ਦਰਜ ਹਨ ਜੋ ਅਪ੍ਰੈਲ ਸਾਲ 2022 ਵਿੱਚ ਅੰਬਾਲਾ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਕਰੀਬ ਮੁਹਾਲੀ ਵਿੱਚ ਕਈ ਚੋਰੀਆਂ ਨੂੰ ਅੰਜਾਮ ਦੇ ਚੁੱਕਾ ਹੈ । ਮੁਕਦੱਮਾ ਦੀ ਡੂੰਘਾਈ ਨਾਲ ਤਫਤੀਸ਼ ਜਾਰੀ ਹੈ। ਜਿਸ ਪਾਸੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ ।

ਬ੍ਰਾਮਦਗੀ:. 04 ਲੱਖ ਰੁਪਏ (ਭਾਰਤੀ ਮੁਦਰਾ), ਐਕਟਿਵਾ ਨੰਬਰ 01-4079 (ਡੁਪਲੀਕੇਟ ਨੰਬਰ) (ਜੋ ਜ਼ੀਰਕਪੁਰ ਤੋਂ ਚੋਰੀ ਕੀਤਾ ਗਿਆ ਸੀ), ਗ੍ਰੀਨ ਡਾਇਮੰਡ ਸੈੱਟ, ਹੀਰੇ ਦੀਆਂ ਚੂੜੀਆਂ, ਚੇਨ ਦੇ ਨਾਲ ਸਵਰੋਵਸਕੀ ਪੈਂਡੈਂਟ, ਚੇਨ ਨਾਲ ਸੰਗਮਰਮਰ ਵਾਲਾ ਪੈਂਡੈਂਟ, ਚੇਨ ਅਤੇ ਕੰਨਾਂ ਦੇ ਗਹਿਣਿਆ ਨਾਲ ਨੰਦੀ ਵੱਡੇ ਹਰੇ ਪੱਥਰ ਦਾ ਪੈਂਡੈਂਟ, ਗੋਲਡ ਪਲੇਟਿਡ ਸਪਰਿੰਗ ਬੈਂਗਲ , ਗੋਲਡ ਪਲੇਟਿਡ ਕੰਗਨ ਜੋੜਾ, ਗੋਲਡ ਪਲੇਟਿਡ ਕੁੰਦਨ ਲੌਂਗ ਸੈੱਟ, ਕੰਨਾਂ ਦੇ ਗਹਿਣਿਆ ਦੇ ਨਾਲ ਚਾਂਦੀ ਵਿੱਚ ਪੋਲਕੀ ਲੰਬੀ ਮਾਲਾ, ਗੋਲਡ ਪਲੇਟਿਡ ਬੀਡਸ ਅਤੇ ਗ੍ਰੀਨ ਮੋਤੀ, ਗੋਲਡ ਪਲੇਟਿਡ ਕੁੰਦਨ ਚੂੜੀਆਂ, ਪਰਲ ਸੈੱਟ ਗੋਲਡ ਪਲੇਟਿਡ, ਹਰੇ ਰੰਗ ਦੇ ਕੰਨ ਦੇ ਗਹਿਣੇ, ਡਾਇਮੰਡ ਹਾਫ ਈਅਰਿੰਗਸ, ਮੋਤੀ ਨਾਲ ਲਟਕਦਾ ਹੀਰਾ, ਮੋਤੀ ਨਾਲ ਹੀਰੇ ਲਟਕਦੇ ਬਾਲੀ, ਡਾਇਮੰਡ ਸਮਾਲ ਸਟੱਡ, ਪੋਲਕੀ ਡਾਇਮੰਡ ਬਿਗ ਸਟੱਡਵਿਥ ਐਮਰਾਲਡ ਰੂਬੀ।

ਪ੍ਰਮੁੱਖ ਸਕੱਤਰ ਦੇ ਮਾੜੇ ਵਤੀਰੇ ਵਿਰੁੱਧ ਹੁਸ਼ਿਆਰਪੁਰ ਵਿਖੇ ਕੀਤੀ ਬ੍ਰਾਂਚ ਪੱਧਰੀ ਰੈਲੀ

ਹੁਸ਼ਿਆਰਪੁਰ (ਬਲਵੀਰ ਸੈਣੀ) ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਹੁਸ਼ਿਆਰਪੁਰ ਸਿੰਚਾਈ ਦੇ ਪ੍ਰਧਾਨ ਤਰਸੇਮ ਲਾਲ ਦੀ ਅਗਵਾਈ ਹੇਠ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਦੇ ਮੁਲਾਜ਼ਮ ਵਿਰੋਧੀ ਰਵੱਈਏ ਖਿਲਾਫ ਨਹਿਰ ਕੰਪਲੈਕਸ ਹੁਸ਼ਿਆਰਪੁਰ ਵਿਖੇ ਭਰਵੀਂ ਰੋਸ ਰੈਲੀ ਕੀਤੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਨੇ ਕਿਹਾ ਕਿ ਜਲ ਸਰੋਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਬਹੁਤ ਸਾਰੀਆਂ ਮੰਗਾਂ ਜਿਵੇ ਵਿਭਾਗ ਅੰਦਰ ਪੁਨਰਗਠਨ ਦੇ ਨਾਂ ਤੇ ਖਤਮ ਕੀਤੀਆ ਆਸਾਮੀਆਂ ਮੁੜ ਬਹਾਲ ਕਰਨਾ, ਪਿਛਲੇ ਲੰਬੇ ਸਮੇਂ ਤੋਂ ਰਹਿੰਦੀਆਂ ਵਰਦੀਆਂ ਦਾ ਭੁਗਤਾਨ , ਕਰਮਚਾਰੀਆਂ ਦੀਆਂ ਪ੍ਰਮੋਸ਼ਨਾਂ, ਹਾਜ਼ਰੀ-ਐਪ ਦੀਆਂ ਖ਼ਾਮੀਆਂ ਨੂੰ ਦੂਰ ਕਰਨ ਅਤੇ ਜਿਹੜੇ ਕਰਮਚਾਰੀ ਪ੍ਰਤੀ ਬੇਨਤੀ ਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਨ੍ਹਾਂ ਦੀਆਂ ਬਦਲੀਆਂ ਕਰਵਾਉਣ ਆਦਿ ਮੰਗਾਂ ਦੇ ਹੱਲ ਲਈ ਵਫ਼ਦ ਪ੍ਰਮੁੱਖ ਸਕੱਤਰ ਜਲ ਸਰੋਤ ਨੂੰ ਮਿਲਣ ਲਈ ਗਿਆ ਸੀ ਪਰ ਪ੍ਰਮੁੱਖ ਸਕੱਤਰ ਜਲ ਸਰੋਤ ਵੱਲੋਂ ਵਫ਼ਦ ਦੀ ਗੱਲ ਸੁਣਨ ਦੀ ਬਜਾਏ ਦੁਰਵਿਹਾਰ ਕੀਤਾ ਗਿਆ, ਜਿਸ ਕਰਕੇ ਅੱਜ ਦੀ ਇਹ ਰੈਲੀ ਕੀਤੀ ਗਈ ਉਨ੍ਹਾਂ ਪ੍ਰਮੁੱਖ ਸਕੱਤਰ ਜਲ ਸਰੋਤ ਦੇ ਮੁਲਾਜ਼ਮ ਵਿਰੋਧੀ ਵਤੀਰੇ ਦੀ ਨਿੰਦਾ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਅਧਿਕਾਰੀ ਨੂੰ ਤਰੁੰਤ ਬਦਲਿਆ ਜਾਵੇ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇ। ਅੱਜ ਦੀ ਰੈਲੀ ਨੂੰ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੁਮਾਰ, ਸ਼ਾਂਤੀ ਸਰੂਪ, ਵਿਪਨ ਚੰਦ, ਰਮੇਸ਼ ਸਿੰਘ, ਮੋਹਨ ਲਾਲ, ਪ੍ਰੀਤਮ ਸਿੰਘ, ਗੁਰਮੀਤ ਸਿੰਘ, ਰਾਜੀਵ ਸ਼ਰਮਾ, ਅਸ਼ੋਕ ਕੁਮਾਰ, ਬਲਵੰਤ ਸਿੰਘ, ਸ਼ਾਮ ਸਿੰਘ, ਰਕੇਸ਼ ਕੁਮਾਰ, ਮਿਲਾਪ ਚੰਦ, ਗੁਰਨਾਮ ਚੰਦ, ਟੇਕ ਚੰਦ, ਸਤਨਾਮ ਸਿੰਘ, ਹਰਕੇਸ਼ ਕੁਮਾਰ, ਸੁਰਿੰਦਰ ਸਿੰਘ, ਜਗਦੀਸ਼ ਲਾਲ, ਗੁਰਨਾਮ ਸਿੰਘ, ਸਤੀਸ਼ ਕੁਮਾਰ, ਪਰਮਜੀਤ ਸਿੰਘ, ਕੁਲਦੀਪ ਸਿੰਘ ਨੇ ਸੰਬੋਧਨ ਕੀਤਾ।

ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਦੀ ਮੀਟਿੰਗ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਸੰਸਥਾ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੀ ਅਹਿਮ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਤ ਪ੍ਰੇਮ ਸਿੰਘ ਨਗਰ ਟਾਂਡਾ ਵਿਖੇ ਹੋਈ ਜਿਸ 'ਚ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਪ੍ਰਧਾਨ ਰਵਿੰਦਰ ਸਿੰਘ ਰਵੀ ਦੀ ਅਗਵਾਈ ਅਤੇ ਸੁਸਾਇਟੀ ਦੇ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਹੋਈ ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸੁਸਾਇਟੀ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਚਾਰ ਸਾਹਿਬਜਾਦੇ ਅਤੇ ਮਾਤਾ ਗੁਜਰੀ (ਮਾਤਾ ਗੁਜਰ ਕੌਰ) ਜੀ ਦੇ ਸ਼ਹੀਦੀ ਦਿਹਾੜੇ ਮਨਾਉਂਦੇ ਹੋਏ ਲਾਸਾਨੀ ਸ਼ਹਾਦਤਾਂ ਨੂੰ ਸਮਰਪਤ ਤੇ ਧਾਰਮਿਕ ਸਮਾਗਮ ਆਯੋਜਿਤ ਕਰਨ ਸੰਬੰਧੀ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਦੀ ਗਰਾਊਂਡ ਵਿੱਚ ਅਗਲੇ ਵਰ੍ਹੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਗਏ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਏ ਜਾਣ ਵਿਸ਼ਾਲ ਸਮਾਗਮ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਲਖਵਿੰਦਰ ਸਿੰਘ ਮੁਲਤਾਨੀ ਨੇ ਅਨੰਦ ਮੈਰਿਜ ਐਕਟ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸੰਨ 2016 ਦੀ ਪੰਜਾਬ ਸਰਕਾਰ ਵੱਲੋਂ ਆਨੰਦ ਮੈਰਿਜ ਐਕਟ ਨੂੰ ਲਾਗੂ ਕੀਤਾ ਗਿਆ ਹੈ ਇਸ ਸੰਬੰਧੀ ਜਾਣਕਾਰੀ ਅਤੇ ਪ੍ਰਚਾਰ ਨਾ ਹੋਣ ਕਾਰਨ ਆਨੰਦ ਮੈਰਿਜ ਐਕਟ ਅਧੀਨ ਵਿਆਹਾਂ ਦੀ ਰਜਿਸਟਰੇਸਨ ਨਹੀਂ ਕਰਵਾਈ ਜਾ ਰਹੀ। ਇਸ ਮੌਕੇ ਉਹਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੌਮ ਦੇ ਪ੍ਰਚਾਰਕਾਂ ਅਤੇ ਰਾਗੀ ਢਾਡੀ ਜਥਿਆਂ ਨੂੰ ਆਨੰਦ ਮੈਰਿਜ ਐਕਟ ਦਾ ਵੱਧ ਤੋਂ ਵੱਧ ਪ੍ਰਚਾਰ ਲਈ ਸੁਨੇਹਾ

7-DEC-PAGE-10.qxd 12/6/2022 10:40 PM Page 1

ਮੁੱਖ ਮੰਤਰੀ ਦੇ ਹਰੇ ਪੈੱਨ ਦੀ ਮਜ਼ਦੂਰ ਮੰਗਾਂ ਲਈ ਸਿਆਹੀ ਖਤਮ ਹੋਈ : ਸਮਾਓਂ

■ ਸਮੁੱਚੇ ਪੰਜਾਬ 'ਚ ਮੁੱਖ ਮੰਤਰੀ ਦਾ ਕੀਤਾ ਜਾਵੇਗਾ ਘਿਰਾਓ

ਮਾਨਸਾ (ਆਤਮਾ ਸਿੰਘ ਪਮਾਰ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਜ਼ਦੂਰ ਮੰਗਾਂ ਨੂੰ ਲੈ ਕੇ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਿਹਾ ਮਜ਼ਦੂਰਾਂ ਦਾ ਪੱਕਾ ਮੋਰਚਾ ਭਾਵੇਂ 124ਵੇਂ ਦਿਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ, ਪਿਛਲੇ ਦਿਨੀਂ ਮੁੱਖ ਮੰਤਰੀ ਪੰਜਾਬ ਵੱਲੋਂ ਮਾਨਸਾ ਦੀ ਅਦਾਲਤ ਵਿੱਚ ਚੁੱਪ-ਚਾਪ ਪੇਸ਼ੀ ਭੁਗਤ ਕੇ ਮੁੜਨ ਤੋਂ ਬਾਅਦ ਅਗਲੀ ਪੇਸ਼ੀ 5 ਦਸੰਬਰ ਹੋਣ ਕਾਰਨ ਮਜ਼ਦੂਰਾ ਵੱਲੋਂ ਅੱਜ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਸੀ। ਭਾਵੇਂ ਅੱਜ ਦੀ ਪੇਸ਼ੀ 'ਤੇ ਮੁੱਖ ਮੰਤਰੀ ਹਾਜ਼ਰ ਨਹੀਂ ਹੋਏ, ਪਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਕਾਰਕੁਨਾਂ ਵੱਲੋਂ ਮੁੱਖ ਮੰਤਰੀ ਦੇ ਘਿਰਾਓ ਦੀ ਪੂਰੀ ਯੋਜਨਾ/ਤਿਆਰੀ ਕੀਤੀ ਹੋਈ ਸੀ, ਪਰ ਅੱਜ ਅਚਾਨਕ ਮੁੱਖ ਮੰਤਰੀ ਦੇ ਪੇਸ਼ੀ ਉੱਪਰ ਨਾ ਆਉਣ ਤੋਂ ਬਾਅਦ ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਤਾਂ ਮਾਨਸਾ ਤਾਂ ਕੀ ਪੰਜਾਬ ਭਰ ਵਿੱਚ ਜਿੱਥੇ ਵੀ ਮੁੱਖ ਮੰਤਰੀ ਦਾ ਪ੍ਰੋਗਰਾਮ ਹੋਵੇਗਾ, ਉੱਥੇ ਹੀ ਜਥੇਬੰਦੀ ਵੱਲੋਂ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਮਾਨ ਚੋਣਾਂ ਤੋਂ ਪਹਿਲਾਂ ਧਰਨਿਆਂ ਉੱਤੇ ਬੈਠੇ ਬੇਰੁਜ਼ਗਾਰ ਨੌਜਵਾਨਾਂ ਤੇ ਆਪਣੀਆਂ ਰੈਲੀਆਂ ਵਿੱਚ ਇਹ ਕਹਿੰਦਾ ਨਹੀਂ ਥੱਕਦਾ ਸੀ ਕਿ ਸਾਡੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਦੇ ਹਰ ਵਰਗ ਦਾ ਮਸਲਾ ਮੇਰੀ ਜੇਬ ਵਿੱਚ ਪਏ ਹਰੇ ਪੈੱਨ ਨਾਲ ਹੱਲ ਕੀਤਾ ਜਾਵੇਗਾ ਤੇ ਕਿਸੇ ਨੂੰ ਸੜਕਾਂ ਉੱਪਰ ਰੁਲਣ ਦੀ ਲੋੜ ਨਹੀਂ ਪਵੇਗੀ, ਪਰ ਸੱਤਾ ਦੀ ਕੁਰਸੀ ਉੱਪਰ ਬੈਠਣ ਤੋਂ ਬਾਅਦ ਪੰਜਾਬ ਦਾ ਮੁੱਖ ਮੰਤਰੀ ਮਜ਼ਦੂਰਾਂ ਕਿਸਾਨਾਂ ਨੌਜਵਾਨਾਂ ਦੇ ਮਸਲੇ ਹੱਲ ਕਰਨ ਦੀ ਥਾਂ ਖੁਦ ਅਕਾਲੀਆਂ, ਕਾਂਗਰਸੀਆਂ ਤੋਂ ਵੀ ਅਗਾਹ ਚੱਲ ਕੇ ਹੱਕਾਂ ਦੀ ਆਵਾਜ਼ ਦਬਾਉਣ ਲਈ ਪੁਲਸ ਦੀ ਲਾਠੀ ਦਾ ਸਾਹਰਾ ਲੈਣ ਲੱਗ ਪਿਆ ਹੈ। ਮਜ਼ਦੂਰ ਆਗੂ ਨੇ ਕਿਹਾ ਕਿ ਇਸ ਤਰ੍ਹਾਂ ਲੱਗਦੈ ਜਿਵੇਂ ਮੁੱਖ ਮੰਤਰੀ ਦੇ ਪੈੱਨ ਵਿੱਚੋਂ ਮਜ਼ਦੂਰ ਮੰਗਾਂ ਲਈ ਹਰੀ ਸਿਆਹੀ ਹੀ ਖਤਮ ਹੋ ਗਈ ਹੋਵੇ। ਉਨ੍ਹਾ ਕਿਹਾ ਕਿ ਲਗਾਤਾਰ ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਮਜ਼ਦੂਰ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਤੇ 12,13,14 ਤਿੰਨ ਦਿਨਾਂ ਦੇ ਸੰਗਰੂਰ ਮਜ਼ਦੂਰ ਮੋਰਚੇ ਤੋਂ ਬਾਅਦ ਦੋ ਮਜ਼ਦੂਰ ਫਿਲੌਰ ਰੇਲ ਹਾਦਸੇ ਵਿੱਚ ਸ਼ਹੀਦ ਹੋਣ ਤੋਂ ਬਾਅਦ ਤੇ ਮਾਨਸਾ ਅੰਦਰ ਚੱਲ ਰਹੇ ਮਜ਼ਦੂਰ ਧਰਨੇ ਉੱਪਰ ਬਿਮਾਰ ਹੋਏ ਮਜਜ਼ੂਰ ਆਗੂ ਗਗਨਦੀਪ ਖੜਕ ਸਿੰਘ ਵਾਲਾ ਪਟਿਆਲਾ ਦੇ ਸਰਕਾਰੀ ਹਸਪਤਾਲ ਵਿਖੇ ਜ਼ੇਰੇ ਇਲਾਜ ਦਾਖਲ ਹੈ, ਪਰ ਪੰਜਾਬ ਦੀ ਆਪ ਸਰਕਾਰ ਦੀ ਮਜ਼ਦੂਰਾਂ ਵੱਲ ਅਜੇ ਤੱਕ ਕੋਈ ਨਜ਼ਰ ਨਹੀਂ ਜਾ ਰਹੀ ਤੇ 30 ਨਵੰਬਰ ਨੂੰ ਸੰਗਰੂਰ ਵਿਖੇ ਕੀਤੇ ਲਾਠੀਚਾਰਜ ਤੋਂ ਬਾਅਦ ਮੁੱਖ ਮੰਤਰੀ ਮਾਨ ਦਾ ਦਲਿਤ ਚਿਹਰਾ ਨੰਗਾ ਹੋ ਚੁੱਕਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੂੰ ਘੇਰਨ ਲਈ ਪਿੰਡ-ਪਿੰਡ ਜਾ ਕੇ ਦਲਿਤ ਗਰੀਬ ਜੱਜੋ ਲਾਮਬੰਦੀ ਮੁਹਿਮ ਚਲਾਈ ਜਾਵੇਗੀ ਤੇ 19 ਦਸੰਬਰ ਨੂੰ ਮਾਨਸਾ ਵਿਖੇ ਦਲਿਤ ਗਰੀਬ ਮਜ਼ਦੂਰ ਏਕਤਾ ਰੈਲੀ ਕੀਤੀ ਜਾਵੇਗੀ। ਇਸ ਸਮੇਂ ਜਰਨੈਲ ਮਾਨਸਾ, ਕੁਲਦੀਪ ਸਿੰਘ ਚਕੇਰੀਆਂ, ਗੁਰਦੀਪ ਸਿੰਘ, ਨਸੀਬ ਟਾਡੀਆਂ, ਭੁਪਿੰਦਰ ਕੁਮਾਰ ਝੰਡਾ ਆਦਿ ਸ਼ਾਮਲ ਸਨ।

ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੀ ਯਾਦ 'ਚ ਸਮਾਗਮ 11 ਨੂੰ

ਸਮਰਾਲਾ (ਸੁਰਜੀਤ ਸਿੰਘ)-ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਯਾਦਗਾਰੀ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਕਮੇਟੀ ਦੇ ਪ੍ਰਧਾਨ ਪ੍ਰੋ. (ਡਾ.) ਪਰਮਿੰਦਰ ਸਿੰਘ ਬੈਨੀਪਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪ੍ਰੋ. ਬਲਦੀਪ ਦੇ ਨੌਜਵਾਨ ਸਪੁੱਤਰ ਦੀਪਇੰਦਰਪਾਲ ਸਿੰਘ ਦੀ ਕੈਨੇਡਾ ਵਿਖੇ ਹੋਈ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਪਰੰਤ ਪੰਜਾਬੀ ਸਾਹਿਤ ਦੇ ਉੱਘੇ ਲੇਖਕ ਸਵ: ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੀ ਯਾਦ ਨੂੰ ਸਮਰਪਤ ਵਿਸ਼ਾਲ ਸਾਹਿਤਕ ਸਮਾਗਮ, ਜੋ 11 ਦਸੰਬਰ ਨੂੰ ਕਵਿਤਾ ਭਵਨ ਮਾਛੀਵਾੜਾ ਰੋਡ ਸਮਰਾਲਾ ਵਿਖੇ ਕਰਵਾਇਆ ਜਾ ਰਿਹਾ ਹੈ, ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਸਕੱਤਰ ਹਰਜਿੰਦਰਪਾਲ ਸਿੰਘ ਸਮਰਾਲਾ ਨੇ ਦੱਸਿਆ ਕਿ ਇਹ ਸਾਹਿਤਕ ਸਮਾਗਮ ਸਕੂਲੀ ਬੱਚਿਆਂ ਵਿੱਚ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਤੇ ਬੱਚਿਆਂ ਵਿੱਚ ਮਾਂ ਬੋਲੀ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੀਆਂ ਕਵਿਤਾਵਾਂ ਦਾ ਉਚਾਰਨ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਉੱਘੇ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਸਾਬਕਾ ਡਾਇਰੈਕਟਰ ਯੂਥ ਵੈੱਲਫੇਅਰ ਡਿਪਾਰਟਮੈਂਟ ਤੇ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਣਗੇ। ਉਨ੍ਹਾਂ ਤੋਂ ਇਲਾਵਾ ਹੋਰ ਉੱਘੇ ਵਿਦਵਾਨ ਪ੍ਰੋ. ਨੌਸ਼ਹਿਰਵੀ ਦੇ ਜੀਵਨ ਤੇ ਸਾਹਿਤ ਉੱਤੇ ਵਿਚਾਰ ਚਰਚਾ ਕਰਨਗੇ। ਇਸ ਸਮਾਗਮ ਵਿੱਚ ਹਾਜ਼ਰ ਕਵੀਆ 'ਤੇ ਅਧਾਰਤ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ। ਇਸ ਮੀਟਿੰਗ ਵਿੱਚ ਕਮੇਟੀ ਮੈਂਬਰ ਮੇਘ ਸਿੰਘ ਜਵੰਦਾ ਰਿਟਾ: ਮੁੱਖ ਅਧਿਆਪਕ, ਮਾ. ਤਰਲੋਚਨ ਸਮਰਾਲਾ, ਮਾ. ਪੁਖਰਾਜ ਸਿੰਘ ਘੁਲਾਲ, ਇੰਦਰਜੀਤ ਸਿੰਘ ਕੰਗ, ਕਰਮਜੀਤ ਸਿੰਘ ਅਜ਼ਾਦ, ਹਰਬੰਸ ਮਾਲਵਾ, ਦੀਪ ਦਿਲਬਰ, ਲਖਵੀਰ ਸਿੰਘ ਬਲਾਲਾ ਤੇ ਰਾਜਵਿੰਦਰ ਸਮਰਾਲਾ ਹਾਜ਼ਰ ਸਨ।

ਨੰਬਰਦਾਰਾਂ ਨੇ ਵਿਧਾਇਕ ਕੁਲਵੰਤ ਸਿੰਘ ਨੂੰ ਸੌਂਪਿਆ ਮੰਗ-ਪੱਤਰ

ਸਮਾਣਾ (ਇਕਬਾਲ ਸਿੰਘ ਬੱਲ)-ਨੰਬਰਦਾਰ ਯੂਨੀਅਨ (ਰਜਿ: 643) ਦੀ ਪੰਜਾਬ ਬਾਡੀ ਦੀ ਇੱਕ ਵਿਸ਼ੇਸ਼ ਮੀਟਿੰਗ ਪਾਤੜਾਂ ਵਿਖੇ ਗੁਰਪ੍ਰੀਤ ਸਿੰਘ ਤਹਿਸੀਲ ਪ੍ਰਧਾਨ ਪਾਤੜਾਂ ਦੀ ਅਗਵਾਈ ਵਿਚ ਹੋਈ, ਜਿਸ ਵਿੱਚ ਸੂਬਾ ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ ਨਨਹੇੜਾ, ਸੂਬਾ ਚੀਫ ਪੈਟਰਨ ਗੁਰਦਰਸ਼ਨ ਸਿੰਘ ਗਲੌਲੀ, ਸੂਬਾ ਸਕੱਤਰ ਜਨਰਲ ਰਸ਼ਪਾਲ ਸਿੰਘ ਕੁਲਾਰ, ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਬੋਦੇਵਾਲ ਤਰਨਤਾਰਨ, ਜ਼ਿਲ੍ਹਾ ਪ੍ਰਧਾਨ ਹਰਕਮਲ ਸਿੰਘ ਜਲੰਧਰ, ਗੁਰਦੇਵ ਸਿੰਘ ਆਲਮਪੁਰ ਕਮੇਟੀ ਮੈਂਬਰ ਪੰਜਾਬ ਅਤੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਪਟਿਆਲਾ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਪਾਲ ਸਿੰਘ ਮਾਨਸਾ, ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਬਰਨਾਲਾ, ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬੇਲੇਵਾਲ, ਰਘਬੀਰ ਸਿੰਘ ਸਹਾਏ ਲੁਧਿਆਣਾ ਮੀਤ ਪ੍ਰਧਾਨ ਪੰਜਾਬ ਪਹੁੰਚੇ, ਉੱਥੇ ਹੀ ਹਲਕਾ ਸ਼ੁਤਰਾਣਾ ਵਿਧਾਇਕ ਕੁਲਵੰਤ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਉਪਰੰਤ ਨੰਬਰਦਾਰ ਯੂਨੀਅਨ ਵੱਲੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੂੰ ਆਪਣੀਆਂ ਚਿਰਾਂ ਤੋਂ ਲਮਕਦੀਆਂ ਆ ਰਹੀਆਂ ਮੰਗਾਂ ਜਿਵੇਂ ਕਿ ਨੰਬਰਦਾਰਾਂ ਦੀ ਨੰਬਰਦਾਰੀ ਨੂੰ ਜੱਦੀ ਪੁਸ਼ਤੀ ਕਰਨ, ਮਾਣ ਭੱਤਾ ਦੁੱਗਣਾ ਕਰਨਾ, ਸਿਹਤ ਬੀਮਾ, ਮੁਫ਼ਤ ਬੱਸ ਸਫ਼ਰ ਤੇ ਟੋਲ-ਪਲਾਜ਼ਾ ਮੁਫ਼ਤ ਕਰਨਾ ਆਦਿ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਮ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਲੈਣ ਉਪਰੰਤ ਵਿਧਾਇਕ ਕੁਲਵੰਤ ਸਿੰਘ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਨੰਬਰਦਾਰਾਂ ਦੀਆਂ ਮੰਗਾਂ ਸਬੰਧੀ ਜਲਦੀ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਇਸ ਮੰਗ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਗੁਰਦੇਵ ਸਿੰਘ ਆਲਮਪੁਰ ਕਮੇਟੀ ਮੈਂਬਰ ਪੰਜਾਬ, ਗੁਰਚਰਨ ਸਿੰਘ ਘੰਗਰੋਲੀ, ਮਨਜੀਤ ਸਿੰਘ ਫਹਿਤਗੜ੍ਹ ਸਾਹਿਬ, ਰਘੁਵੀਰ ਸਿੰਘ ਲੁਧਿਆਣਾ, ਚਰਨਜੀਤ ਸਿੰਘ, ਅਮਰ ਸਿੰਘ, ਇੰਦਰਜੀਤ ਸਿੰਘ ਲੁਧਿਆਣਾ, ਸੁਰਜੀਤ ਸਿੰਘ ਨਕੋਦਰ, ਕਰਨੈਲ ਸਿੰਘ ਖੋਜੀਪੁਰ, ਹਰਮਿੰਦਰ ਸਿੰਘ ਦਿੜ੍ਹਬਾ, ਨਾਨਕ ਸਿੰਘ ਦਿੜ੍ਹਬਾ, ਹੇਮਰਾਜ ਤੇ ਅਮਰਜੀਤ ਸਿੰਘ ਆਦਿ ਵੱਡੀ ਗਿਤਣੀ 'ਚ ਡੇਢ ਦਰਜ਼ਨ ਦੇ ਕਰੀਬ ਤਹਿਸੀਲਾਂ ਦੇ ਨੰਬਰਦਾਰ ਮੌਜੂਦ ਰਹੇ।

ਕਾਤਰਾਂ

ਦੀਪਕ ਅਰੋੜਾ ਅੱਜ ਸੰਭਾਲਣਗੇ ਅਹੁਦਾ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਸਰਕਾਰ ਵੱਲੋਂ ਨਿਯੁਕਤ ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਨਿਯੁਕਤ ਹੋਏ ਦੀਪਕ ਅਰੋੜਾ 7 ਦਸੰਬਰ ਨੂੰ ਆਪਣੇ ਕਾਰਜਭਾਰ ਦਾ ਅਹੁਦਾ ਰੱਖੇ ਸਮਾਰੋਹ ਦੌਰਾਨ ਸੰਭਾਲਣਗੇ। ਦੀਪਕ ਸਮਾਲਸਰ ਵੱਲੋਂ ਮੋਗਾ ਜ਼ਿਲ੍ਹੇ ਦੇ ਸਾਰੇ ਅਹੁਦੇਦਾਰਾਂ ਤੇ ਵਲੰਟੀਅਰ ਨੂੰ ਹਾਰਦਿਕ ਸੱਦਾ ਦਿੱਤਾ ਗਿਆ। ਦੀਪਕ ਸਮਾਲਸਰ 7 ਦਸੰਬਰ ਨੂੰ ਸਵੇਰੇ 9 ਵਜੇ ਸਮਾਲਸਰ ਤੋਂ ਆਪਣੇ ਸਾਥੀਆਂ ਸਮੇਤ ਕਾਫਲੇ ਦੇ ਰੂਪ ਵਿੱਚ ਚੱਲਣਗੇ ਤੇ ਬਾਘਾ ਪੁਰਾਣਾ ਹੁੰਦੇ ਹੋਏ ਮੋਗਾ ਇੰਪਰੂਵਮੈਂਟ ਟਰੱਸਟ ਦੇ ਦਫਤਰ ਪਹੁੰਚਣਗੇ।

ਡਾ. ਬੀ. ਆਰ. ਅੰਬੇਡਕਰ ਭਵਨ ਵਿਖੇ ਪੰਜਾਬੀ ਲੇਖਕ ਮੰਚ ਦੀ ਮੀਟਿੰਗ

ਜਗਰਾਉਂ (ਸੰਜੀਵ ਅਰੋੜਾ)-ਡਾ: ਬੀ. ਆਰ. ਅੰਬੇਡਕਰ ਭਵਨ ਜਗਰਾਉਂ ਵਿਖੇ ਪੰਜਾਬੀ ਲੇਖਕ ਮੰਚ ਦੀ ਮੀਟਿੰਗ ਪ੍ਰਧਾਨ ਰਣਜੀਤ ਸਿੰਘ ਹਠੂਰ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸਰਪ੍ਰਸਤ ਡਾ. ਸੁਰਜੀਤ ਸਿੰਘ ਦੌਧਰ ਨੇ ਪੰਜਾਬੀ ਮਾਂ ਬੋਲੀ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਚੜ੍ਹਦੇ ਲਹਿੰਦੇ ਪੰਜਾਬ ਦੇ ਸਮਰੱਥ ਸਾਹਿਤਕਾਰਾਂ ਨੂੰ ਯਾਦ ਕੀਤਾ ਤੇ ਉਨ੍ਹਾਂ ਦੀਆਂ ਰਚਨਾਵਾਂ ਪੇਸ਼ ਕੀਤੀਆਂ। ਗੀਤਕਾਰ ਰਣਜੀਤ ਸਿੰਘ ਹਠੂਰ ਨੇ ਗੀਤ ਪੇਸ਼ ਕੀਤਾ ਤੇ ਪੰਜਾਬੀ ਭਾਸ਼ਾ ਸੰਬੰਧੀ ਵਿਚਾਰ ਚਰਚਾ ਕੀਤੀ। ਨਵੇਂ ਸ਼ਾਇਰਾਂ ਵਿੱਚ ਅਦੀਬ ਰਵੀ ਤੇ ਰਾਜਵੀਰ ਰੂਮੀ ਨੇ ਆਪਣੀਆਂ ਭਾਵਪੂਰਤ ਰਚਨਾਵਾਂ ਪੇਸ਼ ਕਰਕੇ ਰੰਗ ਬੰਨ੍ਹ ਦਿੱਤਾ। ਇਸ ਸਮੇਂ ਪ੍ਰੋ: ਮਨਜਿੰਦਰ ਸਿੰਘ ਰੂਮੀ, ਡਾ: ਜਸਵੀਰ ਸਿੰਘ ਜਗਰਾਉਂ, ਮੈਨੇਜਰ ਗੁਰਦੀਪ ਸਿੰਘ ਹਠੂਰ, ਮੈਨੇਜਰ ਜਸਵੰਤ ਸਿੰਘ ਜਗਰਾਉਂ, ਲੈਕ. ਅਮਰਜੀਤ ਸਿੰਘ ਚੀਮਾ ਆਦਿ ਨੇ ਪੰਜਾਬ ਦੇ ਨਾਮਵਰ ਲੇਖਕਾਂ ਬਾਰੇ ਵਿਚਾਰ ਚਰਚਾ ਕਰਕੇ ਆਪਣੀ ਹਾਜ਼ਰੀ ਲਵਾਈ। ਅੰਤ ਵਿੱਚ ਡਾ. ਸੁਰਜੀਤ ਸਿੰਘ ਦੌਧਰ ਨੇ ਪੇਸ਼ ਕੀਤੀਆਂ ਰਚਨਾਵਾਂ 'ਤੇ ਸਾਰਥਿਕ ਚਰਚਾ ਕੀਤੀ, ਪੰਜਾਬੀ ਲੇਖਕ ਮੰਚ ਜਗਰਾਉਂ ਦੇ ਆਉਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਸਾਂਝੀ ਕੀਤੀ ਤੇ ਸਭ ਦਾ ਧੰਨਵਾਦ ਕੀਤਾ।

ਹੈਰੋਇਨ ਸਮੇਤ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਪੱਕੀ ਟਿੱਬੀ ਪੁੱਜੀ ਤਾਂ ਇੱਕ ਵਿਅਕਤੀ ਰਣਜੀਤ ਸਿੰਘ ਵਾਸੀ ਗੁਰੂ ਕੀ ਵਡਾਲੀ ਸ਼੍ਰੀ ਅੰਮ੍ਰਿਤਸਰ ਸਾਹਿਬ, ਜਿਸ ਦੇ ਹੱਥ ਵਿੱਚ ਕਿੱਟ ਫੜੀ ਹੋਈ ਸੀ ਤਾਂ ਪੁਲਸ ਪਾਰਟੀ ਨੇ ਸ਼ੱਕ ਹੋਣ 'ਤੇ ਆਪਣੀ ਗੱਡੀ ਰੁਕਵਾ ਕੇ ਉਕਤ ਵਿਅਕਤੀ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 40 ਗ੍ਰਾਮ ਹੈਰੋਇਨ ਬਰਾਮਦ ਕਰ ਲਈ ਗਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਹਵਾਲਾਤੀ ਦੀ ਪਤਨੀ ਤੋਂ ਦੋ ਸਿੰਮ ਕਾਰਡ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਮੁਲਾਕਾਤ ਕਰਨ ਆਈ ਹਵਾਲਾਤੀ ਦੀ ਪਤਨੀ ਕੋਲੋਂ ਤਲਾਸ਼ੀ ਦੌਰਾਨ 2 ਸਿੰਮ ਕਾਰਡ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਹਵਾਲਾਤੀ ਤੇ ਉਸ ਦੀ ਪਤਨੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਅਯੂਬ ਮਸੀਹ ਨੇ ਦੱਸਿਆ ਕਿ ਪੱਤਰ ਨੰਬਰ 2135 ਰਾਹੀਂ ਰਿਸ਼ਵਪਾਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 5 ਦਸੰਬਰ 2022 ਨੂੰ ਹਵਾਲਾਤੀ ਸੂਰਜ ਸਿੰਘ ਉਰਫ ਮਹੂਆ ਪੁੱਤਰ ਰਣਜੀਤ ਸਿੰਘ ਵਾਸੀ ਗਲੀ ਨੰਬਰ 7 ਇੰਦਰਾ ਨਗਰੀ ਅਬੋਹਰ ਥਾਣਾ ਸਿਟੀ-1 ਅਬੋਹਰ ਜ਼ਿਲ੍ਹਾ ਫਾਜ਼ਿਲਕਾ ਦੀ ਮੁਲਾਕਾਤ ਕਰਨ ਲਈ ਉਸ ਦੀ ਪਤਨੀ ਨਾਜੀਆ ਆਈ ਤੇ ਜਦ ਉਸ ਦੀ ਤਲਾਸ਼ੀ ਜਨਾਨਾ ਪੋਸਟ 'ਤੇ ਤੈਨਾਤ ਮੈਟਰਨ ਗੁਰਦੀਪ ਕੌਰ ਨੇ ਕੀਤੀ ਤਾਂ ਉਸ ਦੀ ਪਹਿਨੀ ਹੋਈ ਜੈਕਟ ਦੀ ਜੇਬ ਵਿੱਚੋਂ 2 ਸਿੰਮ ਕਾਰਡ ਬਰਾਮਦ ਹੋਈਆਂ।

ਜੌੜਾਮਾਜਰਾ ਵਿਖੇ ਲਗਾਏ ਕੈਂਪ 'ਚ ਨੌਜਵਾਨਾਂ ਵੱਲੋਂ 35 ਯੂਨਿਟ ਖੂ

7-DEC-PAGE-11-Majha-22.qxd 12/6/2022 10:36 PM Page 1

ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਬਾਹਰੋਂ ਮੋਟਰਸਾਈਕਲ ਚੋਰੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ) ਸੁਲਤਾਨਪੁਰ ਲੋਧੀ ਇਲਾਕੇ 'ਚ ਸਰਗਰਮ ਹੋਏ ਚੋਰ ਗਿਰੋਹ ਆਏ ਦਿਨ ਵਾਰਦਾਤਾਂ ਨੂੰ ਅੰਜਾਮ ਦੇ ਕੇ ਆਤੰਕ ਮਚਾ ਰਹੇ ਹਨ। ਜਿਸ ਦੇ ਚੱਲਦਿਆਂ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਚੋਰ ਗਿਰੋਹ ਏਨੇ ਜਿਆਦਾ ਐਕਟਿਵ ਹੋ ਗਏ ਨੇ ਕਿ ਰੋਜ਼ਾਨਾ ਹੀ ਮੋਟਰਸਾਈਕਲ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਤਾਜੀ ਘਟਨਾ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਰੋਡ ਤੋਂ ਸਾਹਮਣੇ ਆਈ ਹੈ। ਜਿੱਥੇ ਕਿ ਚੋਰ ਇੱਕ ਦੁਕਾਨ ਦੇ ਬਾਹਰੋਂ ਦੁਕਾਨਦਾਰ ਦਾ ਮੋਟਰਸਾਈਕਲ ਚੋਰੀ ਕਰਕੇ ਫਰਾਰ ਹੋ ਗਏ ਹਨ। ਚੋਰੀ ਦੀ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਚੰਦਨ ਸੋਢੀ ਪੁੱਤਰ ਜਸਬੀਰ ਰਾਜ ਸੋਢੀ ਨਿਵਾਸੀ ਜਵਾਲਾ ਸਿੰਘ ਨਗਰ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਉਹ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਬਾਹਰ ਦੁਕਾਨ ਕਰਦਾ ਹੈ ਅਤੇ ਉਸ ਦੀ ਦੁਕਾਨ ਦੇ ਬਾਹਰ ਮੋਟਸਾਈਕਲ ਸਪਲੈਂਡਰ ਪੀਬੀ 43 ਜੈਡ 8559 ਖੜ੍ਹਾ ਸੀ। ਕੁਝ ਅਣਪਛਾਤੇ ਚੋਰਾਂ ਵੱਲੋਂ ਦੁਪਹਿਰ 2 ਵਜੇ ਤੋਂ ਲੈ ਕੇ 3 ਵਜੇ ਦੇ ਦਰਮਿਆਨ ਉਸ ਦਾ ਮੋਟਰਸਾਈਕਲ ਚੋਰੀ ਕਰ ਕੇ ਲੈ ਗਏ। ਉਹਨਾਂ ਨੇ ਕਿਹਾ ਕਿ ਇਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਪੁਲਿਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਗਈ ਹੈ। ਉਨ੍ਹਾਂ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਉਕਤ ਚੋਰ ਗਿਰੋਹ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਦੋਸੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਹੁਣ ਦੇਖਣਾ ਹੋਏਗਾ ਕਿ ਪੁਲਸ ਕਦੋਂ ਤੱਕ ਚੋਰ ਗਿਰੋਹ ਨੂੰ ਗ੍ਰਿਫਤਾਰ ਕਰਨ ਚ ਕਦੋਂ ਸਫਲ ਹੁੰਦੀ ਹੈ।

ਕਿਸਾਨੀ ਸੰਘਰਸ਼ ਨੂੰ ਪਿਆ ਬੂਰ, ਰੋਹੀ ਦੀ ਕਾਇਆਕਲਪ ਦਾ ਕੰਮ ਸ਼ੁਰੂ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਪੱਟੀ ਐੱਸ. ਡੀ. ਐੱਮ. ਦਫਤਰ ਅੱਗੇ ਲਗਭਗ ਚਾਰ ਮਹੀਨਿਆਂ ਤੋਂ ਮੋਰਚਾ ਲਗਾਤਾਰ ਚੱਲ ਰਿਹਾ ਹੈ ਅਤੇ ਹੁਣ ਧਰਨੇ 'ਤੇ ਬੈਠੇ ਕਿਸਾਨਾਂ ਦੀ ਮਿਹਨਤ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਹੈ। ਇਹ ਗੱਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਤਰਸੇਮ ਸਿੰਘ ਧਾਰੀਵਾਲ, ਜਰਨੈਲ ਸਿੰਘ ਧਾਰੀਵਾਲ ਅਤੇ ਗੁਰਦੇਵ ਸਿੰਘ ਸੀਤੋ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਕਹੀ। ਧਾਰੀਵਾਲ ਨੇ ਕਿਹਾ ਕਿ ਪਿੰਡ ਸੀਤੋ ਨੋ ਅਬਾਦ ਰੋਹੀ ਦਾ ਮਸਲਾ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਸੀ। ਮਸਲਿਆਂ ਨੂੰ ਹੱਲ ਕਰਵਾਉਣ ਲਈ 11 ਅਗਸਤ ਤੋਂ ਪੱਟੀ ਐੱਸਡੀਐੱਮ ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਲਗਾਇਆ ਗਿਆ। ਪੱਟੀ ਚੱਲ ਰਹੇ ਧਰਨੇ ਦੇ ਮਸਲਿਆਂ ਨੂੰ ਲੈ ਕੇ ਪ੍ਰਸ਼ਾਸਨ ਅਤੇ ਟਰਾਂਸਪੋਰਟ ਮੰਤਰੀ ਵਿਧਾਇਕ ਪੱਟੀ ਲਾਲਜੀਤ ਸਿੰਘ ਭੁੱਲਰ ਨਾਲ ਕਈ ਮੀਟਿੰਗਾਂ ਕੀਤੀਆਂ ਗਈਆਂ। ਇਸੇ ਤਰ੍ਹਾਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ 4 ਦਸੰਬਰ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ । ਮੀਟਿੰਗ ਵਿੱਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕਿਸਾਨਾਂ ਨੂੰ ਕੰਮ ਸ਼ੁਰੂ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਸੀ। ਉਸੇ ਵਿਸ਼ਵਾਸ ਹੇਠ ਪਿੰਡ ਸੀਤੋ ਨੋ ਅਬਾਦ ਰੋਹੀ ਖਲਵਾਹੀ ਸ਼ੁਰੂ ਹੋ ਗਈ ਹੈ। ਮੌਕੇ 'ਤੇ ਪਹੁੰਚੇ ਕਿਸਾਨ ਆਗੂਆਂ ਨੇ ਕੰਮ ਦੀ ਰਫਤਾਰ ਘੱਟ ਅਤੇ ਇਲਾਕਾ ਵਾਸੀਆਂ ਦੀ ਸੰਤੁਸ਼ਟੀ ਨਾ ਹੁੰਦੀ ਦੇਖ ਕੇ ਸਬੰਧਤ ਅਧਿਕਾਰੀਆਂ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਪ੍ਰਸ਼ਾਸਨ ਨੇ ਇਕ ਹਫਤੇ ਅੰਦਰ ਪੂਰੇ ਜ਼ੋਰ ਨਾਲ ਕੰਮ ਸ਼ੁਰੂ ਕਰਨ ਦਾ ਵਿਸ਼ਵਾਸ ਦਿਵਾਇਆ। ਕਿਸਾਨ ਆਗੂਆਂ ਨੇ ਕਿਹਾ ਕਿ ਰੋਹੀ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ ਹੋਣ ਕਰਕੇ ਇਲਾਕਾ ਵਾਸੀਆਂ ਵਿੱਚ ਆਸ ਦੀ ਕਿਰਨ ਜਾਗੀ ਹੈ। ਆਗੂਆਂ ਨੇ ਕਿਹਾ ਕਿ ਪਿੰਡ ਭੱਗੂਪੁਰ, ਸੰਗਵਾਂ ਵਾਲੀ ਸੜਕ ਬਣਾਉਣਾ, ਕਿਸਾਨ ਆਗੂਆਂ 'ਤੇ ਕੀਤੇ ਪਰਚੇ ਰੱਦ ਕਰਵਾਉਣਾ ਆਦਿ ਕੰਮ ਅਜੇ ਬਾਕੀ ਹਨ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਕਿਸਾਨਾਂ ਵੱਲੋਂ ਮੰਗ ਕੀਤੀ ਗਈ। ਇਸ ਮੌਕੇ ਸਰਵਣ ਸਿੰਘ ਸੀਤੋ, ਬਲਵਿੰਦਰ ਸਿੰਘ ਸੀਤੋ, ਪ੍ਰਤਾਪ ਸਿੰਘ ਸੀਤੋ ਅਤੇ ਸ਼ਿੰਦੂ ਆਦਿ ਹਾਜ਼ਰ ਸਨ।

ਹਥਿਆਰਾਂ ਦੀ ਨੋਕ 'ਤੇ ਮੋਪਿਡ ਤੇ ਗੈਸ ਸਿਲੰਡਰ ਲੈ ਕੇ ਲੁਟੇਰੇ ਫਰਾਰ

ਗੁਰਦਾਸਪੁਰ (ਜਨਕ ਮਹਾਜਨ)-ਪਿੰਡ ਭੰਗਵਾਂ ਦੇ ਇਕ ਨੌਜਵਾਨ ਅਹਾਤਾ ਚਾਲਕ ਪਾਸੋਂ ਅਣਪਛਾਤੇ ਲੁਟੇਰਿਆਂ ਨੇ ਮਾਰੂ ਹਥਿਆਰਾਂ ਦੀ ਨੋਕ 'ਤੇ ਉਸ ਦੀ ਮੋਪਿਡ ਤੇ ਗੈਸ ਸਿਲੰਡਰ ਖੋਹ ਕੇ ਫਰਾਰ ਹੋਣ ਦੀ ਖਬਰ ਮਿਲੀ ਹੈ।

ਪੀੜਤ ਸਤਨਾਮ ਸਿੰਘ ਪੁੱਤਰ ਓਮ ਪ੍ਰਕਾਸ਼ ਵਾਸੀ ਭੰਗਵਾਂ ਨੇ ਦੱਸਿਆ ਕਿ ਉਹ ਰਾਤ ਵੇਲੇ ਆਪਣਾ ਅਹਾਤਾ ਪਿੰਡ ਰਾਮਨਗਰ ਭੂਣ ਤੋਂ ਬੰਦ ਕਰਕੇ 10 ਵਜੇ ਦੇ ਕਰੀਬ ਆਪਣੇ ਪਿੰਡ ਨੂੰ ਜਾ ਰਿਹਾ ਸੀ ਅਤੇ ਜਦੋਂ ਪਿੰਡ ਦੇ ਬਾਹਰਲੇ ਪਾਸੇ ਪੁੱਜਾ ਤਾਂ ਮਗਰੋਂ ਆਉਂਦੇ ਤਿੰਨ ਨਕਾਬਪੋਸ਼ਾਂ ਨੇ ਮੈਨੂੰ ਘੇਰ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ। ਲੁਟੇਰੇ ਉਸ ਦੀ ਮੋਪਿਡ ਨੰਬਰ ਪੀਬੀ 06 ਏ ਐੱਸ 9057 ਤੇ ਗੈਸ ਸਿਲੰਡਰ ਲੈ ਕੇ ਫਰਾਰ ਹੋ ਗਏ। ਉਸ ਨੇ ਇਸ ਦੀ ਸੂਚਨਾ ਪੁਲਸ ਪ੍ਰਸ਼ਾਸਨ ਨੂੰ ਦੇ ਦਿੱਤੀ ਹੈ। ਉਸ ਨੇ ਜ਼ਿਲਾ ਪੁਲਸ ਮੁਖੀ ਪਾਸੋਂ ਮੰਗ ਕੀਤੀ ਹੈ ਕਿ ਲੁਟੇਰਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਅੱਜ ਬਰਸੀ 'ਤੇ ਵਿਸ਼ੇਸ਼

ਕਾਮਰੇਡ ਧਰਮ ਸਿੰਘ ਫੱਕਰ ਤੇ ਕਾਮਰੇਡ ਬੂਟਾ ਸਿੰਘ ਮਾਨਸਾ ਨੂੰ ਯਾਦ ਕਰਦਿਆਂ

ਜ਼ਿਲਾ ਮਾਨਸਾ ਦੇ ਪਿੰਡ ਦਲੇਲ ਸਿੰਘ ਵਾਲਾ ਵਿਖੇ 18 ਮਾਰਚ 1902 ਨੂੰ ਇਕ ਦਸਤਕਾਰ ਹੀਰਾ ਸਿੰਘ ਦੇ ਘਰ ਧਰਮ ਸਿੰਘ ਫ਼ੱਕਰ ਨੇ ਜਨਮ ਲਿਆ। ਧਰਮ ਸਿੰਘ ਫ਼ੱਕਰ ਦੇ ਦਾਦਾ ਸੁੱਖਾ ਸਿੰਘ, ਨੇੜੇ ਪਿੰਡ ਬੁਰਜ ਹਰੀ ਵਿਖੇ ਰਹਿੰਦੇ ਸਨ। ਉਹ ਸੈਫ਼ੀ ਵਜੋਂ ਕਿਸਾਨਾਂ ਦਾ ਲੁਹਾਰਾ ਤਰਖਾਣਾ ਕੰਮ ਕਰਦੇ ਸਨ। ਧਰਮ ਸਿੰਘ ਨੇ ਬਰਨਾਲੇ ਦੇ ਨੇੜੇ ਹੰਡਿਆਇਆ ਤੋਂ ਆਪਣੀ ਮੁੱਢਲੀ ਵਿੱਦਿਆ ਹਾਸਲ ਕੀਤੀ। ਪਰ ਦਿਲ ਵਿਚ ਵਸਦੇ ਮਾਂ ਦੇ ਪਿਆਰ ਤੇ ਜਨਮ ਭੂਮੀ ਦੇ ਸੰਸਕਾਰ ਸਦਕਾ ਧਰਮ ਸਿੰਘ ਫੱਕਰ ਨੂੰ ਵਾਪਿਸ ਪਿੰਡ ਵਿਚ ਆਉਣਾ ਪਿਆ। ਅਤਿ ਘੋਰ ਕਠਿਨਾਈਆਂ ਤੇ ਅਤਿ ਦੀ ਗਰੀਬੀ ਹੋਣ ਦੇ ਬਾਵਜੂਦ ਧਰਮ ਸਿੰਘ ਨੇ ਪੰਜਾਬੀ, ਉਰਦੂ, ਹਿੰਦੀ ਪੜ੍ਹਨੀ ਸਿੱਖੀ। ਰੋਜ਼ਗਾਰ ਦੀ ਤਲਾਸ਼ 'ਚ ਇਰਾਕ ਚਲੇ ਗਏ। ਧਰਮ ਸਿੰਘ ਨੇ ਇਰਾਕ ਵਿਚ ਜਲਿਆਂਵਾਲੇ ਬਾਗ ਦੇ ਖੂਨੀ ਸਾਕੇ ਦੀ ਖਬਰ ਪੜੀ ਖਬਰ ਪੜ੍ਹਦਿਆਂ ਹੀ ਉਨ੍ਹਾਂ ਦੇ ਦਿਮਾਗ ਵਿਚ ਲੁਟੇਰਿਆਂ ਤੇ ਸਾਮਰਾਜੀ ਤਾਕਤਾਂ ਦੇ ਖਿਲਾਫ ਪੀੜ ਉਠੀ ਤੇ ਜਜ਼ਬਾਤੀ ਕ੍ਰੋਧ ਉਭਰ ਰਿਹਾ ਸੀ। ਉਹ ਇਰਾਕ ਤੋਂ ਵਾਪਿਸ ਪਰਤੇ ਅਤੇ ਗੁਰਦਵਾਰਾ ਸੁਧਾਰ ਲਹਿਰ ਵਿਚ ਕੁੱਦ ਪਏ। ਅਕਾਲੀ ਦਲ ਵਿਚ ਕੰਮ ਕਰਨ ਦੇ ਨਾਲ-ਨਾਲ ਪਰਜਾ ਮੰਡਲ 'ਚ ਵੀ ਕੰਮ ਕਰਨਾ ਸ਼ੁਰੂ ਕੀਤਾ। 1947 ਵਿਚ ਫ਼ੱਕਰ ਦੀ ਅਗਵਾਈ ਵਿਚ ਮੁਜਾਰਾ ਲਹਿਰ ਨੇ ਹਜ਼ਾਰਾਂ ਮੁਸਲਮਾਨਾਂ ਨੂੰ ਬਚਾ ਕੇ ਕਾਫਲਿਆਂ ਦੇ ਰੂਪ ਵਿਚ ਪਾਕਿਸਤਾਨ ਦੀ ਸਰਹੱਦ ਤਕ ਪਹੁੰਚਾਇਆ।

ਸੰਘਰਸ਼ਸ਼ੀਲ ਆਗੂ ਤੇ ਲੋਕ ਨਾਇਕ ਬੂਟਾ ਸਿੰਘ ਦਾ ਜਨਮ ਪਿਤਾ ਮੋਹਨ ਸਿੰਘ ਤੇ ਮਾਤਾ ਪਾਰੋ ਦੇ ਘਰ ਪਿੰਡ ਕਰਤਾਰਪੁਰ (ਜ਼ਿਲਾ ਗੁੱਜਰਾਂਵਾਲਾ) ਪਾਕਿਸਤਾਨ ਵਿਖੇ ਹੋਇਆ। ਉਹ ਆਪਣੀ ਪੂਰੀ ਜ਼ਿੰਦਗੀ ਸੰਘਰਸ਼ੀ ਪਿੜਾਂ 'ਚ ਜੂਝਦਿਆਂ ਲੜਦੇ ਰਹੇ। 1992 ਮਾਨਸਾ ਜ਼ਿਲਾ ਬਣ ਗਿਆ ਸੀ। ਸੀ. ਪੀ. ਆਈ. ਵਲੋਂ ਬੂਟਾ ਸਿੰਘ ਨੂੰ ਜ਼ਿਲਾ ਮਾਨਸਾ ਦਾ ਜਨਰਲ ਸਕੱਤਰ ਬਣਾਇਆ ਗਿਆ। ਅੱਜ ਜ਼ਿਲਾ ਮਾਨਸਾ ਦੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਕਰਦੀਆਂ ਕਿਸਾਨ ਜਥੇਬੰਦੀਆਂ, ਕੁਲ ਹਿੰਦ ਕਿਸਾਨ ਸਭਾ, ਜ਼ਿਲਾ ਕਮਿਊਨਿਸਟ ਪਾਰਟੀ ਵੱਲੋਂ ਜ਼ਿਲ੍ਹਾ ਮਾਨਸਾ ਦੇ ਪਿੰਡ ਦਲੇਲਵਾਲਾ ਵਿਖੇ ਕਾਮਰੇਡ ਧਰਮ ਸਿੰਘ ਫੱਕਰ ਤੇ ਕਾਮਰੇਡ ਬੂਟਾ ਸਿੰਘ ਮਾਨਸਾ ਨੂੰ ਸਮਰਪਿਤ ਇਨਕਲਾਬੀ ਨਾਟਕ ਮੇਲਾ ਤੇ ਸਿਆਸੀ ਕਾਨਫਰੰਸ ਕੀਤੀ ਜਾ ਰਹੀ ਹੈ।

-ਜਸਵੰਤ ਚਾਹਲ ਮੱਤੀ

ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਸੈਮੀਨਾਰ ਆਯੋਜਿਤ

ਡੇਰਾ ਬਾਬਾ ਨਾਨਕ/ਧਾਰੀਵਾਲ (ਰਮੇਸ਼ ਸ਼ਰਮਾ/ਮਨਦੀਪ ਵਿੱਕੀ)-ਰਾਜ ਵਿੱਦਿਅਕ ਖੋਜ ਤੇ ਸਿਖਲਾਈ ਸੰਸਥਾ ਪ੍ਰੀਸ਼ਦ ਪੰਜਾਬ ਅਤੇ ਪੰਜਾਬ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਹਰਪਾਲ ਸਿੰਘ ਸੰਧਾਵਲੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਅਧਿਆਪਕਾਂ ਦੇ ਕਿਸ਼ੋਰ ਸਿੱਖਿਆ ਪ੍ਰੋਗਰਾਮ ਸਬੰਧੀ ਸੈਮੀਨਾਰ ਲਗਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਈ. ਓ. ਸੰਧਾਵਲੀਆ ਨੇ ਦੱਸਿਆ ਕਿ ਜ਼ਿਲ੍ਹੇ ਦੇ 412 ਸਕੂਲਾਂ ਦੇ 824 ਅਧਿਆਪਕ ਇਸ ਵਰਕਸ਼ਾਪ ਵਿੱਚ ਭਾਗ ਲੈ ਰਹੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ 05 ਦਸੰਬਰ ਤੋਂ 08 ਦਸੰਬਰ ਤੱਕ ਉਪਰੋਕਤ ਵਰਕਸ਼ਾਪ ਲਗਾਈ ਜਾ ਰਹੀ ਹੈ ਅਤੇ ਇਸ ਵਿੱਚ ਹਰ ਸਕੂਲ ਵਿੱਚੋਂ 02 ਅਧਿਆਪਕ ਦਾ ਇੱਕ ਰੋਜ਼ਾ ਸੈਮੀਨਾਰ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰੀ ਸੀਨੀ : ਸੈਕੰ: ਸਕੂਲ ਧੁੱਪਸੜੀ, ਸਰਕਾਰੀ ਸੀਨੀ : ਸੈਕੰ: ਸਕੂਲ ਹਰਚੋਵਾਲ, ਡਾਇਟ ਗੁਰਦਾਸਪੁਰ, ਸਰਕਾਰੀ ਸੀਨੀ : ਸੈਕੰ: ਸਕੂਲ ਮੁੰਡੇ ਦੀਨਾਨਗਰ ਚਾਰ ਸਥਾਨਾਂ ਤੇ ਟ੍ਰੇਨਿੰਗ ਦੇ ਸਥਾਨ ਬਣਾਏ ਹਨ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਹਰਪਾਲ ਸਿੰਘ ਸੰਧਾਵਾਲੀਆ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ, ਸਿੱਖਿਆ ਸੁਧਾਰ ਟੀਮ ਦੇ ਇੰਚਾਰਜ ਪ੍ਰਿੰਸੀਪਲ ਸੁਰਿੰਦਰ ਕੁਮਾਰ , ਬੀ.ਐਨ.ਓ. ਬਟਾਲਾ, ਪ੍ਰਿੰਸੀਪਲ ਪਰਮਜੀਤ ਕੌਰ, ਮੀਡੀਆ ਕੋਆਰਡੀਨੇਟਰ ਸਿੱਖਿਆ ਵਿਭਾਗ ਗਗਨਦੀਪ ਸਿੰਘ ਵੱਲੋਂ ਸੈਮੀਨਾਰ ਵਿਜ਼ਟ ਕਰਕੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਡੀ. ਐਮ. ਸਾਇੰਸ ਗੁਰਵਿੰਦਰ ਸਿੰਘ , ਡੀ. ਐੱਮ. ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਨਰਿੰਦਰ ਸਿੰਘ, ਬੀ. ਐੱਮ. ਗੁਰਲਾਲ ਸਿੰਘ, ਬੀ. ਐੱਮ. ਗੁਰਮੀਤ ਸਿੰਘ, ਬੀ. ਐਮ. ਦੀਪਕ ਹਾਂਡਾ, ਬੀ. ਐੱਮ. ਰਜਿੰਦਰ ਸਿੰਘ, ਬੀ. ਐੱਮ. ਬਲਦੇਵ ਰਾਜ, ਬੀ. ਐੱਮ. ਆਸਾ ਸਿੰਘ, ਬੀ. ਐੱਮ. ਸੁਖਵਿੰਦਰ ਸਿੰਘ , ਬੀ. ਐੱਮ. ਹਰਦੀਪ ਸਿੰਘ, ਬੀ. ਐੱਮ. ਬਲਜੀਤ ਸਿੰਘ ਵੱਲੋਂ ਕਿਸ਼ੋਰ ਅਵਸਥਾ ਸਬੰਧੀ ਅਧਿਆਪਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਅਰਸਾਲ ਸਿੰਘ ਸੀ ਪੀ ਆਈ 'ਚ ਸ਼ਾਮਲ, ਪਾਰਟੀ ਵੱਲੋਂ ਭਰਵਾਂ ਸਵਾਗਤ

ਵਲਟੋਹਾ (ਨਜ਼ਸ)-ਭਾਰਤੀ ਕਮਿਊਨਿਸਟ ਪਾਰਟੀ ਦੀ ਏਰੀਆ ਕਮੇਟੀ ਦੀ ਮੀਟਿੰਗ ਅੱਜ ਪਾਰਟੀ ਦਫਤਰ ਵਲਟੋਹਾ ਵਿਖੇ ਹੋਈ। ਮੀਟਿੰਗ ਵਿਚ ਅਰਸਾਲ ਸਿੰਘ ਪਰਿਵਾਰ ਸਮੇਤ ਸੀਪੀਆਈ ਵਿਚ ਸ਼ਾਮਲ ਹੋਏ ਅਤੇ ਵਲਟੋਹੇ ਤੋਂ ਨੌਜਵਾਨ ਲੜਕਾ ਰੋਹਿਤ ਵੀ ਪਾਰਟੀ ਵਿਚ ਸ਼ਾਮਲ ਹੋਇਆ। ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਦਾ ਪੂਰੀ ਏਰੀਆ ਕਮੇਟੀ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਅਰਸਾਲ ਸਿੰਘ ਨੇ ਬੋਲਦਿਆਂ ਕਿਹਾ ਕਿ ਉਹ ਪਾਰਟੀ ਪ੍ਰਤੀ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਤੋਂ ਵੱਧ ਸਾਥ ਦੇਣਗੇ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਣਜੀਤ ਸਿੰਘ ਬਹਾਦਰ ਨਗਰ ਨੇ ਕਿਹਾ ਕਿ ਪੰਜਾਬ ਦੀ ਸਮਾਜਿਕ ਹਾਲਤ ਦਿਨ-ਬ-ਦਿਨ ਬਹੁਤ ਹੀ ਬੁਰੀ ਹੁੰਦੀ ਜਾ ਰਹੀ ਹੈ। ਨੌਜਵਾਨੀ ਬੇਰੁਜ਼ਗਾਰ ਹੋ ਰਹੀ ਹੈ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਹੈ। ਪੰਜਾਬ ਦੀ ਚੁਣੀ ਹੋਈ ਸਰਕਾਰ ਇਨ੍ਹਾਂ ਮਸਲਿਆਂ 'ਤੇ ਧਿਆਨ ਦੇਣ ਦੀ ਜਗ੍ਹਾ ਗੁਜਰਾਤ ਇਲੈਕਸ਼ਨ ਵਿਚ ਰੁੱਝੀ ਰਹੀ, ਸੂਬੇ ਵੱਲ ਕੋਈ ਧਿਆਨ ਨਹੀਂ ਦਿੱਤਾ, ਪ੍ਰਸ਼ਾਸਨ ਆਪਣੀ ਮਨਮਰਜ਼ੀ ਕਰ ਰਿਹਾ ਹੈ ।

ਬਲਾਕ ਸਕੱਤਰ ਕਾਮਰੇਡ ਕਿਰਨਜੀਤ ਕੌਰ ਨੇ ਸ਼ਾਮਲ ਹੋਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਦੇਸ਼ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਸਾਰਿਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਨੌਜਵਾਨੀ ਨਸ਼ੇ ਵਿਚ ਅਤੇ ਕਿਸਾਨੀ ਕਰਜ਼ੇ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਹੈ।

ਅੱਜ ਲੋੜ ਹੈ ਸਹੀ ਪਾਲਸੀ ਬਣਾ ਕੇ ਨੌਜਵਾਨਾਂ ਦੇ ਕਿਸਾਨਾਂ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢਣ ਦੀ ਅਤੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਦੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨੂਪ ਸਿੰਘ ਭੋਲਾ, ਸੁਖਦੇਵ ਸਿੰਘ ਮਨਾਵਾਂ, ਖੇਤ ਮਜ਼ਦੂਰ ਆਗੂ ਜੋਗਿੰਦਰ ਸਿੰਘ ਲੱਧੜ, ਲਾਲ ਸਿੰਘ ਵਲਟੋਹਾ, ਗੁਰਲਾਲ ਸਿੰਘ, ਗੁਰਪ੍ਰਤਾਪ ਸਿੰਘ, ਵਿਸ਼ਾਲ ਦੀਪ ਸਿੰਘ, ਗੁਰਨਾਮ ਸਿੰਘ ਵਲਟੋਹਾ, ਬੂਟਾ ਸਿੰਘ ਯੋਧ ਸਿੰਘ ਵਾਲਾ,

7-DEC PAGE 12.qxd 12/6/2022 10:37 PM Page 1

ਦਿੱਲੀ ਕਨਵੈਂਸ਼ਨ ਲਈ ਪ ਸ ਸ ਫ ਵੱਲੋਂ ਮੁਲਾਜ਼ਮ ਅੱਜ ਹੋਣਗੇ ਰਵਾਨਾ

ਜਲੰਧਰ (ਸ਼ੈਲੀ ਐਲਬਰਟ, ਰਾਜੇਸ਼ ਥਾਪਾ) ਦੇਸ਼ ਦੇ ਮੁਲਾਜ਼ਮਾਂ ਦੇ ਕੌਮੀ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਕੀਤੇ ਜਾ ਰਹੇ ਸੰਘਰਸ਼ ਨੂੰ ਅੱਗੇ ਤੋਰਦਿਆਂ 8 ਦਸੰਬਰ ਨੂੰ ਤਾਲਕਟੋਰਾ ਸਟੇਡੀਅਮ ਦਿੱਲੀ ਵਿਖੇ ਕੌਮੀਂ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਕਿਹਾ ਕਿ ਪੀ.ਐਫ.ਆਰ.ਡੀ.ਏ. ਦੇ ਤਹਿਤ ਐਨ.ਪੀ.ਐਸ. ਨੂੰ ਖਤਮ ਕਰਨ, ਹਰ ਪ੍ਰਕਾਰ ਦੇ ਕੱਚੇ, ਆਊਟ ਸੋਰਸ, ਮਾਣ ਭੱਤਾ, ਡੇਲੀ ਵੇਜ਼ ਸਕੀਮਾਂ ਤਹਿਤ ਕੰਮ ਕਰਦੇ ਸੂਬਿਆਂ ਅਤੇ ਕੇਂਦਰ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ, ਸਰਕਾਰੀ ਵਿਭਾਗਾਂ ਦਾ ਨਿੱਜੀਕਰਣ/ ਨਿਗਮੀਕਰਣ ਬੰਦ ਕਰਨ, ਅੱਠਵੇਂ ਕੇਂਦਰੀ ਤਨਖਾਹ ਕਮਿਸ਼ਨ ਦਾ ਗਠਨ ਕਰਨ, ਬਕਾਇਆ ਮੰਹਿਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਹੋਰ ਭੱਤੇ ਜਾਰੀ ਕਰਨ, ਪੱਕੇ ਤੌਰ ਤੇ ਭਰਤੀ ਚਾਲੂ ਕਰਨ ਆਦਿ ਦੀਆਂ ਮੰਗਾਂ ਨੂੰ ਲੈ ਕੇ ਇਹ ਕੌਮੀਂ ਕਨਵੈਨਸ਼ਨ ਕੀਤੀ ਜਾ ਰਹੀ ਹੈ।ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਜਿੱਥੇ ਮਿਤੀ 8 ਦਸੰਬਰ ਨੂੰ ਦਿੱਲੀ ਵਿਖੇ ਕੌਮੀਂ ਕਨਵੈਨਸ਼ਨ ਕੀਤੀ ਜਾ ਰਹੀ ਹੈ ਉੱਥੇ ਹੀ ਮਿਤੀ 9 ਦਸੰਬਰ ਨੂੰ ਜੱਥੇਬੰਦੀ ਵਲੋਂ ਫਰੀਦਾਬਦ ਵਿਖੇ ਉਸਾਰੇ ਗਏ ਕੌਮੀਂ ਦਫਤਰ (ਸੁਕੋਮਲ ਸੇਨ ਭਵਨ) ਦਾ ਉਦਘਾਟਨ ਵੀ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਇਸ ਕੌਮੀਂ ਕਨਵੈਨਸ਼ਨ ਅਤੇ ਸੁਕੋਮਲ ਸੇਨ ਭਵਨ ਦੇ ਉਦਘਾਟਨ ਵਿੱਚ ਸ਼ਾਮਿਲ ਹੋਣ ਲਈ ਪੰਜਾਬ ਵਿੱਚੋਂ ਵੀ ਪ.ਸ.ਸ.ਫ. ਦੇ ਬੈਨਰ ਹੇਠ 500 ਤੋਂ ਵੱਧ ਮੁਲਾਜ਼ਮ ਸ਼ਮੂਲੀਅਤ ਕਰ ਰਹੇ ਹਨ।

ਅੱਜ ਮਿਤੀ 7 ਦਸੰਬਰ ਨੂੰ ਸੂਬੇ ਦੇ ਵੱਖ-ਵੱਖ ਸਥਾਨਾਂ ਤੋਂ ਦਿੱਲੀ ਲਈ ਰਵਾਨਾ ਹੋਣ ਜਾ ਰਹੇ ਮੁਲਾਜ਼ਮਾਂ ਨੂੰ ਆਗੂਆਂ ਵਲੋਂ ਮਿਤੀ 8 ਦਸੰਬਰ ਨੂੰ ਸਵੇਰੇ ਗੁਰੂਦਵਾਰਾ ਬੰਗਲਾ ਸਾਹਿਬ ਵਿਖੇ ਇਕੱਤਰ ਹੋਣ ਦੀ ਬੇਨਤੀ ਕੀਤੀ ਗਈ ਹੈ।

ਵਿਦਿਆਰਥੀਆਂ ਨੂੰ ਸਕਾਰਾਤਮਕ ਰਵੱਈਆ ਅਪਣਾਉਂਦੇ ਆਪਣੇ ਨਿਸ਼ਾਨੇ ਵੱਲ ਵਧਦੇ ਰਹਿਣਾ ਚਾਹੀਦੈ : ਸੰਧਵਾਂ

ਜਲੰਧਰ-(ਸੈਲੀ ਐਲਬਰਟ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦਿਆਰਥੀਆਂ ਨੂੰ ਸਫ਼ਲਤਾ ਦੀਆਂ ਬੁਲੰਦੀਆਂ ਛੋਹਣ ਲਈ ਜ਼ਿੰਦਗੀ 'ਚ ਉੱਚਾ ਨਿਸ਼ਾਨਾ ਤੈਅ ਕਰਨ ਲਈ ਪ੍ਰੇਰਿਤ ਕਰਦਿਆਂ ਦ੍ਰਿੜ ਇਰਾਦੇ, ਸਖ਼ਤ ਮਿਹਨਤ ਤੇ ਸਮਰਪਣ ਭਾਵਨਾ ਨਾਲ ਅੱਗੇ ਵਧਣ ਦਾ ਸੁਨੇਹਾ ਦਿੱਤਾ। ਸਥਾਨਕ ਏ ਐਨ. ਗੁਜਰਾਲ ਸੀਨੀਅਰ ਸੈਕੰਡਰੀ ਸਕੂਲ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਜਿਨ੍ਹਾਂ ਨਾਲ ਵਿਧਾਇਕ ਰਮਨ ਅਰੋੜਾ ਤੇ ਸ਼ੀਤਲ ਅੰਗੂਰਾਲ ਵੀ ਮੌਜੂਦ ਸਨ, ਨੇ ਕਿਹਾ ਕਿ ਟੀਚਾ ਕਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ, ਕਦੇ ਵੀ ਅਸੰਭਵ ਨਹੀਂ ਹੁੰਦਾ।ਇਸ ਲਈ ਵਿਦਿਆਰਥੀਆਂ ਨੂੰ ਸਕਾਰਾਤਮਕ ਰਵੱਈਆ ਅਪਣਾਉਂਦੇ ਹੋਏ ਲਗਾਤਾਰ ਆਪਣੇ ਨਿਸ਼ਾਨੇ ਵੱਲ ਵਧਦੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਸਿਵਲ ਸਰਵਿਸਿਜ਼ ਵਿੱਚ ਜਾਣ ਲਈ ਸਖ਼ਤ ਮਿਹਤਨ ਕਰਨ ਦੀ ਪ੍ਰੇਰਨਾ ਦਿੰਦਿਆਂ ਸੰਧਵਾਂ ਨੇ ਕਿਹਾ ਕਿ ਅਜਿਹੇ ਉੱਚ ਅਹੁਦਿਆਂ 'ਤੇ ਪਹੁੰਚ ਕੇ ਉਹ ਦੇਸ਼ ਅਤੇ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ। ਇਸ ਦੌਰਾਨ ਸੰਧਵਾਂ ਵੱਲੋਂ ਵਿੱਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਮ੍ਰਿੰਤਪਾਲ ਸਿੰਘ, ਨਗਰ ਸੁਧਾਰ ਟਰੱਸਟ ਜਲੰਧਰ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ, ਨਾਰੀ ਨਿਕੇਤਨ ਟਰੱਸਟ ਦੇ ਜਨਰਲ ਸਕੱਤਰ ਗੁਰਜੋਤ ਕੌਰ, ਸੀ.ਈ.ਓ. ਨਵਿਤਾ ਜੋਸ਼ੀ, ਆਪ ਆਗੂ ਰਾਜਵਿੰਦਰ ਕੌਰ, ਦੀਪਕ ਬਾਲੀ, ਦਿਨੇਸ਼ ਢੱਲ, ਸੁਭਾਸ਼ ਸ਼ਰਮਾ ਆਦਿ ਮੌਜੂਦ ਸਨ। ਇਸ ਉਪਰੰਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅਰਬਨ ਇਸਟੇਟ ਸਥਿਤ ਕੈਂਬ੍ਰਿਜ ਇਨੋਵੇਟਿਵ ਸਕੂਲ ਦੇ ਸਲਾਨਾ ਇਨਾਮ ਵੰਡ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਗਈ।

ਵਿਜੀਲੈਂਸ ਬਿਊਰੋ ਵੱਲੋਂ ਵਾਹਨ ਫਿਟਨੈੱਸ ਸਰਟੀਫਿਕੇਟ ਘੁਟਾਲੇ 'ਚ ਸ਼ਾਮਲ ਔਰਤ ਏਜੰਟ ਗ੍ਰਿਫ਼ਤਾਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਜੀਲੈਂਸ ਬਿਊਰੋ ਨੇ ਵਾਹਨ ਫਿਟਨੈਸ ਸਰਟੀਫਿਕੇਟ ਘੁਟਾਲੇ ਵਿੱਚ ਜਲੰਧਰ ਵਿਖੇ ਤਾਇਨਾਤ ਮੋਟਰ ਵਹੀਕਲ ਇੰਸਪੈਕਟਰ (ਐਮ.ਵੀ.ਆਈ.) ਨਰੇਸ਼ ਕਲੇਰ ਨਾਲ ਮਿਲੀਭੁਗਤ ਕਰਨ ਵਾਲੀ ਇੱਕ ਭਗੌੜੀ ਮਹਿਲਾ ਮੁਲਜਮ ਏਜੰਟ ਸਪਨਾ ਵਾਸੀ ਵਿਜੇ ਨਗਰ, ਜਲੰਧਰ ਨੂੰ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਨੇ ਉਸ ਦਾ ਮੋਬਾਈਲ ਫੋਨ ਅਤੇ ਸਿਮ ਕਾਰਡ ਜਬਤ ਕਰ ਲਿਆ ਹੈ ਜੋ ਇਸ ਘਪਲੇ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਡਾਟਾ ਮਾਹਿਰਾਂ ਨੂੰ ਭੇਜਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਐਮ.ਵੀ.ਆਈ. ਜਲੰਧਰ ਦੇ ਦਫਤਰ ਵਿਖੇ ਅਚਨਚੇਤ ਚੈਕਿੰਗ ਕੀਤੀ ਅਤੇ ਵੱਡੇ ਪੱਧਰ 'ਤੇ ਪ੍ਰਾਈਵੇਟ ਏਜੰਟਾਂ ਨਾਲ ਮਿਲੀਭੁਗਤ ਕਰਕੇ ਵਪਾਰਕ ਅਤੇ ਨਿੱਜੀ ਵਾਹਨਾਂ ਦੀ ਜਾਂਚ ਕੀਤੇ ਬਿਨਾਂ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਲਈ ਕੀਤੇ ਜਾ ਰਹੇ ਸੰਗਠਿਤ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕੀਤਾ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਪੁਖਤਾ ਸਬੂਤਾਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮੁਕੱਦਮਾ ਨੰਬਰ 14 ਮਿਤੀ 23-08-2022 ਨੂੰ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ ਅਤੇ ਆਈਪੀਸੀ ਦੀ ਧਾਰਾ 420, 120-ਬੀ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਕੁੱਲ 10 ਮੁਲਜਮ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜੋ ਕਿ ਜੇਲ੍ਹ ਵਿੱਚ ਬੰਦ ਹਨ ਜਿਨ੍ਹਾਂ ਵਿੱਚ ਨਰੇਸ਼ ਕਲੇਰ, ਰਾਮਪਾਲ ਉਰਫ ਰਾਧੇ, ਮੋਹਨ ਲਾਲ ਉਰਫ ਕਾਲੂ, ਪਰਮਜੀਤ ਸਿੰਘ ਬੇਦੀ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ, ਪੰਕਜ ਢੀਂਗਰਾ ਉਰਫ ਭੋਲੂ, ਬ੍ਰਿਜਪਾਲ ਸਿੰਘ ਉਰਫ ਰਿੱਕੀ ਅਤੇ ਅਰਵਿੰਦ ਕੁਮਾਰ ਉਰਫ ਬਿੰਦੂ ਅਤੇ ਵਰਿੰਦਰ ਸਿੰਘ ਉਰਫ ਦੀਪੂ (ਸਾਰੇ ਪ੍ਰਾਈਵੇਟ ਏਜੰਟ) ਸ਼ਾਮਲ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਬਾਕੀ ਭਗੌੜੇ ਮੁਲਜਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

ਵਾਲੀਵਾਲ ਟੂਰਨਾਮੈਂਟ 'ਚ ਮੇਜ਼ਬਾਨ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀਆਂ ਲੜਕੀਆਂ ਤੀਜੇ ਸਥਾਨ 'ਤੇ

ਕਪੂਰਥਲਾ (ਹਨੀ) ਰੇਲ ਕੋਚ ਫੈਕਟਰੀ ਕਪੂਰਥਲਾ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸੰਪੰਨ ਹੋਏ ਸੀ ਬੀ ਐਸ ਈ ਕਲਸਟਰ 18ਵੇਂ ਅੰਡਰ 19 ਲੜਕੇ ਅਤੇ ਲੜਕੀਆਂ ਦੇ ਵਾਲੀਬਾਲ ਟੂਰਨਾਮੈਂਟ ਵਿਚ ਮੇਜ਼ਬਾਨ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀਆਂ ਲੜਕੀਆਂ ਦੀ ਵਾਲੀਬਾਲ ਟੀਮ ਤੀਜੇ ਸਥਾਨ 'ਤੇ ਕਬਜ਼ਾ ਕਰਨ ਵਿਚ ਸਫਲ ਰਹੀ। ਟੂਰਨਾਮੈਂਟ ਦੌਰਾਨ ਵੱਡੀ ਗਿਣਤੀ ਵਿੱਚ ਸੀ ਬੀ ਐੱਸ ਈ ਨਾਲ ਸਬੰਧਤ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਮੇਜ਼ਬਾਨ ਸਕੂਲ ਦੀ ਵਾਲੀਵਾਲ ਟੀਮ ਦੀਆਂ ਖਿਡਾਰਨਾਂ ਸਿਮਰਨਪ੍ਰੀਤ ਕੌਰ, ਲਵਪ੍ਰੀਤ ਕੌਰ, ਹਰਜੀਤ ਕੌਰ, ਗੁਰਲੀਨ ਕੌਰ, ਸਿਮਰਨਪ੍ਰੀਤ ਕੌਰ, ਪਲਜਿੰਦਰ ਕੌਰ, ਜਸਮੀਤ ਕੌਰ, ਗੁਰਵਿੰਦਰ ਕੌਰ, ਜਸਮੀਨ ਕੌਰ, ਜਸਮੀਤ ਕੌਰ ਅਤੇ ਹਰਪ੍ਰੀਤ ਕੌਰ ਨੇ ਕੈਪਟਨ ਸੁਨੇਹਾ ਦੀ ਅਗਵਾਈ 'ਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ। ਟੂਰਨਾਮੈਂਟ ਦੌਰਾਨ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਿਸੀਪਲ ਪ੍ਰਬਦੀਪ ਕੌਰ ਮੋਗਾ ਅਤੇ ਟੂਰਨਾਮੈਂਟ ਅਬਜ਼ਰਵਰ ਮਨਮੋਹਨ ਸਿੰਘ ਨੇ ਟੀਮ ਨੂੰ ਟਰਾਫੀ, ਮੈਡਲ ਅਤੇ ਸਰਟੀਫੀਕੇਟ ਦੇ ਕੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਮੈਡਮ ਨਰਿੰਦਰ ਪੱਤੜ, ਰਣਧੀਰ ਸਿੰਘ, ਰੇਨੂੰ ਬਾਲਾ, ਜਸਵਿੰਦਰ ਸਿੰਘ, ਅਨੀਤਾ ਸਹਿਗਲ, ਰਜਨੀ ਅਰੋੜਾ, ਰਣਜੀਤ ਸਿੰਘ, ਨੀਲਮ ਕਾਲੜਾ, ਮੀਨਾਕਸ਼ੀ, ਹਰਜਿੰਦਰ ਸਿੰਘ, ਸਿੰਦਰਪਾਲ ਕੌਰ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਦਲਜੀਤ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵਿਖੇ ਸਾਲਾਨਾ ਇੰਟਰ ਹਾਊਸ ਸਪੋਰਟਸ ਕੰਪੀਟੀਸ਼ਨ ਕਰਵਾਇਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵਿਖੇ ਸਾਲਾਨਾ ਇੰਟਰ ਹਾਊਸ ਸਪੋਰਟਸ ਕੰਪੀਟੀਸ਼ਨ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੂੰ ਵੱਖ ਵੱਖ ਚਾਰ ਹਾਊਸ ਸਤਲੁਜ, ਰਾਵੀ, ਬਿਆਸ ਅਤੇ ਚਨਾਬ ਵਿੱਚ ਵੰਡਿਆ ਗਿਆ, ਬੱਚਿਆਂ ਨੇ ਆਪਣੀਆਂ ਜਮਾਤਾਂ ਅਨੁਸਾਰ ਦਿੱਤੀਆਂ ਗਈਆਂ ਖੇਡਾਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ, ਜਿਵੇਂ ਕਿ ਨਰਸਰੀ ਜਮਾਤ ਨੇ ਗੁਬਾਰੇ ਇਕੱਠੇ ਕਰਨਾ, ਐਲ.ਕੇ.ਜੀ ਨੇ ਸਪੂਨ ਰੇਸ, ਯੂ.ਕੇ.ਜੀ ਨੇ ਡੱਡੂ ਰੇਸ, ਪਹਿਲੀ ਨੇ 50 ਮੀਟਰ ਗੁਬਾਰੇ ਰੇਸ, ਦੂਜੀ ਤੇ ਤੀਜੀ ਨੇ ਤਿੰਨ ਗੁਬਾਰੇ ਰੇਸ, ਚੌਥੀ ਨੇ ਸੈਕ ਰੇਸ, ਪੰਜਵੀਂ ਤੇ ਛੇਵੀਂ ਨੇ ਗੁਬਾਰੇ ਫੈਲਾਉਣ ਵਾਲੀ ਖੇਡ, ਸੱਤਵੀਂ ਨੇ ਸੌ ਮੀਟਰ ਰੇਸ, ਅਠਵੀਂ ਨੇ ਵਨ ਲੈੱਗ ਰੇਸ, ਨੌਵੀਂ ਅਤੇ ਦਸਵੀ ਲੌਂਗ ਜੰਪ, ਗਿਆਰਵੀਂ ਅਤੇ ਬਾਰਵੀਂ ਨੇ ਰੱਸਾ-ਕੱਸੀ ਵਿੱਚ ਜੋਰ ਅਜ਼ਮਾਇਸ਼ ਕੀਤੀ। ਸਾਰੇ ਬੱਚਿਆਂ ਨੇ ਖੇਡਾਂ ਦਾ ਭਰਪੂਰ ਆਨੰਦ ਮਾਣਿਆ। ਇਸ ਸਮੇ ਉੱਘੇ ਸਮਾਜ ਸੇਵੀ ਡਾਕਟਰ ਰਣਜੀਤ ਸਿੰਘ (ਰਾਮ ਹਸਪਤਾਲ ਖਮਾਣੋ) ਤੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ ਜਿਨਾਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਸਨਮਾਨਿਤ ਕੀਤਾ ਗਿਆ। ਪੱਤਰਕਾਰ ਪਵਨ ਕੌਸ਼ਲ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ ਆਪਣੇ ਭਾਸ਼ਣ ਦੌਰਾਨ ਬੱਚਿਆਂ ਦੀ ਖੂਬ ਪ੍ਰਸੰਸਾ ਕੀਤੀ ਜੋ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈ ਰਹੇ ਹਨ। ਇਸ ਸਮੇਂ ਸਕੂਲ ਮੈਨੇਜਮੈਂਟ ਵੱਲੋਂ ਸਾਫਟ ਬਾਲ ਦੀ ਟੀਮ ਜੋ ਰਾਜ ਪੱਧਰ ਤੱਕ ਖੇਡ ਕੇ ਆਈ, ਫੁੱਟਬਾਲ ਟੀਮ ਜੋ ਜ਼ਿਲ੍ਹਾ ਪੱਧਰ ਤੱਕ ਖੇਡ ਕੇ ਆਈ ਦਾ ਵੀ ਮੈਡਲਾਂ ਨਾਲ ਸਨਮਾਨ ਕੀਤਾ। ਖੇਡਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਹਰੇਕ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦੇ ਖਿਡਾਰੀਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਸਮੇਂ ਸਟੇਜ 'ਤੇ ਜਸ਼ਨਪ੍ਰੀਤ ਸਿੰਘ ਦਸਵੀਂ, ਮਨਰੋਜ ਕੌਰ ਗਿਆਰਵੀਂ ਨੇ ਐਂਕਰਿੰਗ ਕੀਤੀ। ਗਰਾਊਂਡ ਤੋਂ ਖਿਡਾਰੀਆਂ ਦੀ ਹੌਂਸਲਾ ਅਫਜਾਈ ਅਧਿਆਪਕ ਸਰਦਾਰ ਬਲਤੇਜ ਸਿੰਘ ਸਮੇਂ ਸਮੇਂ 'ਤੇ ਕਰਦੇ ਰਹੇ। ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਨੇ ਬੱਚਿਆਂ ਸਾਹਮਣੇ ਅਧਿਆਪਕ ਦੀ ਵੀ ਇੱਕ ਸਰਪ੍ਰਾਈਜ਼ ਖੇਡ ਕਰਵਾ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿਤਾ। ਇਸ ਸਮੇਂ ਚੇਅਰਮੈਨ ਗੁਰਮੁੱਖ ਸਿੰਘ ਮੱਲ੍ਹੀ, ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਅਤੇ ਸਮੂਹ ਸਟਾਫ ਮੈਂਬਰ ਸੰਦੀਪ ਕੌਰ, ਬਲਤੇਜ ਸਿੰਘ, ਰੀਨੂੰ, ਵਰਸ਼ਾ, ਰੁਪਿੰਦਰ, ਕੋਮਲ, ਪ੍ਰਵੇਸ਼, ਕਰਨ, ਦੀਪਕ, ਹਰਪ੍ਰੀਤ, ਮੋਨਿਕਾ, ਨੈਨਸੀ, ਜਸਮੀਤ, ਸਿਮਰਨ, ਜਸਵਿੰਦਰ, ਕਮਲ, ਰਜਨੀ, ਸਨਦੀਪ, ਬਨੀਤਾ, ਸ਼ਰੂਤੀ, ਮਨਦੀਪ, ਨਵਜੋਤ, ਚਰਨਜੀਤ, ਆਸਾ ਅਤੇ ਸਮੂਹ ਵਿਦਿਆਰਥੀ ਹਾਜ਼ਰ ਰਹੇ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਮੰਗ ਪੱਤਰ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਸੁਲਤਾਨਪੁਰ ਲੋਧੀ ਵਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਥਾਨਕ ਐਮ ਐਲ ਏ ਰਾਹੀਂ ਮੁੱਖ ਮੰਤਰੀ ਪੰਜਾਬ ਭਗ